ਭਾਈਚਾਰੇ ਦੀ ਆਵਾਜ਼ • ਸੱਚ ਅਤੇ ਨਿਰਪੱਖਤਾ

ਲੋਕਾਂ ਦੀ ਗੱਲ, ਲੋਕਾਂ ਦੇ ਨਾਲ

# ਲੋਕ ਸਾਂਝ

— ਲੋਕਾਂ ਦੀ ਗੱਲ, ਲੋਕਾਂ ਦੇ ਨਾਲ —

ਵੀਰਵਾਰ, 09/24/2026

ਪੰਜਾਬ ਐਡੀਸ਼ਨ • ਮੁਫ਼ਤ ਕਾਪੀ

ਦੇਸ਼

**ਮੈਨੂੰ ਪਤਾ ਹੀ ਨਹੀਂ ਲੱਗਿਆ ਕਿ ਮੇਰਾ ਪਾਰਟਨਰ ਸੌਣ ਦੌਰਾਨ ਮੇਰਾ ਬਲਾਤਕਾਰ ਕਰਦਾ ਸੀ' - ਪੰਜਾਬੀ**

ਅੰਦਰ ਪੜ੍ਹੋ

ਪੰਜਾਬ

**ਇਲਾਇਚੀ, ਮਿਨਰਲ ਵਾਟਰ ਦੇ ਇਸ਼ਤਿਹਾਰਾਂ ਰਾਹੀਂ ਪਾਨ ਮਸਾਲਾ-ਸ਼ਰਾਬ ਦਾ ਪ੍ਰਚਾਰ, ਕਿੰਨਾ ਵੱਡਾ ਹੈ ਕਾਰੋਬਾਰ? ਰਾਸ਼ਟਰਪਤੀ ਨੇ ਦਿੱਤੀ ਦੂਰ ਰਹਿਣ ਦੀ ਨਸੀਹਤ**

ਅੰਦਰ ਪੜ੍ਹੋ

ਦੇਸ਼

**ਕੀ ਨਸ਼ੇ ਲਈ ਖ਼ੂਨ ਸਾਂਝਾ ਕਰਨ ਦਾ ਰੁਝਾਨ ਐੱਚਆਈਵੀ ਸੰਕਟ ਨੂੰ ਵਧਾ ਰਿਹਾ ਹੈ? - ਪੰਜਾਬੀ**

ਅੰਦਰ ਪੜ੍ਹੋ

ਦੇਸ਼

**ਰਾਜਜੀਤ ਸਿੰਘ ਹੁੰਦਲ ਗ੍ਰਿਫ਼ਤਾਰ, ਕੌਣ ਹਨ ਪੰਜਾਬ ਪੁਲਿਸ ਦੇ ਬਰਖ਼ਾਸਤ ਅਫ਼ਸਰ ਜੋ ਲੰਬੇ ਸਮੇਂ ਤੋਂ ਡਰੱਗਜ਼ ਨਾਲ ਜੁੜੇ ਮਾਮਲੇ 'ਚ ਘਿਰੇ ਰਹੇ ਹਨ - ਪੰਜਾਬੀ**

ਅੰਦਰ ਪੜ੍ਹੋ

ਲੋਕ ਸਾਂਝ • ਨਿਰਪੱਖ ਖ਼ਬਰਾਂ • ਲੋਕਾਂ ਦੀ ਆਵਾਜ਼

ਦੇਸ਼

## ਮੈਨੂੰ ਪਤਾ ਹੀ ਨਹੀਂ ਲੱਗਿਆ ਕਿ ਮੇਰਾ ਪਾਰਟਨਰ ਸੌਣ ਦੌਰਾਨ ਮੇਰਾ ਬਲਾਤਕਾਰ ਕਰਦਾ ਸੀ' - ਪੰਜਾਬੀ

"ਜਿਸ ਦਿਨ ਉਸ ਨੇ ਆਪਣੀ ਕਰਤੂਤ ਕਬੂਲ ਕੀਤੀ, ਉਸ ਤੋਂ ਇੱਕ ਦਿਨ ਪਹਿਲਾਂ ਤੱਕ, ਮੇਰੀ ਨਜ਼ਰ ਵਿੱਚ ਇਹ ਮੇਰਾ ਹੁਣ ਤੱਕ ਦਾ ਸਭ ਤੋਂ ਵਧੀਆ ਰਿਸ਼ਤਾ ਸੀ।"

ਐਡਲ ਓਵਰਟਨ ਨੂੰ 13 ਸਾਲ ਤੱਕ ਆਪਣੇ ਬੁਆਏਫ੍ਰੈਂਡ ਰਹੇ ਸਟੀਵਨ ਯੂਡਨ ਇੱਕ ਬਿਹਤਰੀਨ ਪਾਰਟਨਰ ਲੱਗਦੇ ਸਨ।

ਉਹ ਇੱਕ ਜ਼ੌਂਬੀ ਫ਼ਿਲਮ ਦੇ ਸੈੱਟ 'ਤੇ ਮਿਲੇ ਸਨ ਅਤੇ ਉਨ੍ਹਾਂ ਦੀਆਂ ਕਈ ਪਸੰਦਾਂ ਇੱਕੋ ਜਿਹੀਆਂ ਸਨ।

ਉਹ ਕਹਿੰਦੇ ਹਨ ਕਿ ਯੂਡਨ ਨਰਮ ਸੁਭਾਅ ਦੇ ਅਤੇ ਪਿਆਰ ਕਰਨ ਵਾਲੇ ਇਨਸਾਨ ਸੀ। ਜਦੋਂ ਓਵਰਟਨ ਅਪਾਹਜ ਹੋ ਗਏ, ਤਾਂ ਯੂਡਨ ਨੇ ਉਨ੍ਹਾਂ ਦੀ ਦੇਖਭਾਲ ਲਈ ਆਪਣੀ ਨੌਕਰੀ ਤੱਕ ਛੱਡ ਦਿੱਤੀ ਸੀ।

ਡਰਬੀ ਵਿੱਚ ਆਪਣੇ ਘਰ 'ਚ ਸੋਫ਼ੇ 'ਤੇ ਬੈਠੇ ਓਵਰਟਨ ਕਹਿੰਦੇ ਹਨ, "ਉਹ ਬਹੁਤ ਚੰਗਾ ਇਨਸਾਨ ਸੀ। ਮੈਂ ਉਸ ਨੂੰ ਬਹੁਤ ਪਿਆਰ ਕਰਦੀ ਸੀ ਅਤੇ ਮੈਨੂੰ ਲੱਗਦਾ ਹੈ ਕਿ ਹੁਣ ਵੀ ਥੋੜ੍ਹਾ-ਬਹੁਤ ਕਰਦੀ ਹਾਂ।"

ਓਵਰਟਨ ਨੂੰ ਯੂਡਨ 'ਤੇ ਭਰੋਸਾ ਸੀ, ਪਰ ਇਹ ਭਰੋਸਾ ਉਦੋਂ ਟੁੱਟ ਗਿਆ ਜਦੋਂ ਉਸ ਨੇ ਕਬੂਲ ਕੀਤਾ ਕਿ ਉਹ ਸੁੱਤੇ ਹੋਏ ਓਵਰਟਨ ਦਾ ਬਲਾਤਕਾਰ ਕਰਦਾ ਰਿਹਾ ਸੀ।

ਓਵਰਟਨ ਕਹਿੰਦੇ ਹਨ, "ਮੈਨੂੰ ਲੱਗਿਆ ਕਿ ਮੇਰੇ ਨਾਲ ਧੋਖਾ ਹੋਇਆ ਹੈ। ਉਸ ਤੋਂ ਪਹਿਲਾਂ ਮੈਂ ਕਿਸੇ ਰਿਸ਼ਤੇ ਵਿੱਚ ਕਦੇ ਇੰਨਾ ਸੁਰੱਖਿਅਤ ਮਹਿਸੂਸ ਨਹੀਂ ਕੀਤਾ ਸੀ।"

ਬ੍ਰੈਸਟ ਕੈਂਸਰ ਦੇ ਇਲਾਜ ਦੌਰਾਨ ਯੂਡਨ ਨੇ ਓਵਰਟਨ ਦੀ ਦੇਖਭਾਲ ਕੀਤੀ ਸੀ, ਪਰ ਬਾਅਦ ਵਿੱਚ ਉਸ ਨੇ ਪੁਲਿਸ ਨੂੰ ਦੱਸਿਆ ਕਿ ਜਦੋਂ ਓਵਰਟਨ ਦਵਾਈ ਦੇ ਨਸ਼ੇ 'ਚ ਹੁੰਦੇ ਸਨ, ਤਾਂ ਉਹ ਉਨ੍ਹਾਂ ਦਾ ਬਲਾਤਕਾਰ ਕਰਦਾ ਸੀ।

ਓਵਰਟਨ ਕਹਿੰਦੇ ਹਨ, "ਧੋਖੇ ਦਾ ਉਹ ਅਹਿਸਾਸ... ਮੈਨੂੰ ਲੱਗਦਾ ਸੀ ਕਿ ਮੈਂ ਉਸ ਨੂੰ ਜਾਣਦੀ ਹਾਂ, ਪਰ ਅਸਲ ਵਿੱਚ ਮੈਨੂੰ ਪਤਾ ਹੀ ਨਹੀਂ ਸੀ ਕਿ ਉਹ ਕੌਣ ਸੀ।"

"ਅਤੇ ਇਹ ਸੋਚ ਕੇ ਕਿ ਉਹ 13 ਸਾਲ ਤੋਂ ਮੇਰੇ ਨਾਲ ਰਹਿ ਰਿਹਾ ਸੀ, ਉਸ ਨੇ ਮੇਰੇ ਬੱਚਿਆਂ ਨੂੰ ਵੱਡਾ ਕਰਨ ਵਿੱਚ ਮਦਦ ਕੀਤੀ ਸੀ। ਮੈਨੂੰ ਲੱਗਦਾ ਸੀ ਕਿ ਉਹ ਮੇਰਾ ਲਈ ਸੁਰੱਖਿਅਤ ਹੈ, ਜਦਕਿ ਅਸਲ ਵਿੱਚ ਅਜਿਹਾ ਨਹੀਂ ਸੀ।"

ਯੂਡਨ ਹੁਣ ਜੇਲ੍ਹ ਵਿੱਚ ਹੈ, ਅਤੇ ਓਵਰਟਨ ਨੇ ਜੋ ਹੋਇਆ ਉਸ ਬਾਰੇ ਗੱਲ ਕਰਨ ਦਾ ਫ਼ੈਸਲਾ ਕੀਤਾ ਹੈ, ਇਸ ਉਮੀਦ ਨਾਲ ਕਿ ਇਸ ਨਾਲ ਦੂਜਿਆਂ ਨੂੰ ਮਦਦ ਮਿਲੇਗੀ।

ਓਵਰਟਨ ਅਤੇ ਯੂਡਨ ਸਾਲ 2009 ਵਿੱਚ ਨੌਟਿੰਘਮ ਵਿੱਚ ਇੱਕ ਜ਼ੌਂਬੀ ਫ਼ਿਲਮ ਦੀ ਸ਼ੂਟਿੰਗ ਦੌਰਾਨ ਮਿਲੇ ਸਨ, ਜਦੋਂ ਉਹ 29 ਸਾਲ ਦੀ ਸੀ ਅਤੇ ਉਹ 27 ਸਾਲ ਦਾ ਸੀ।

ਯੂਡਨ ਮੇਕਅੱਪ ਅਤੇ ਐਕਟਿੰਗ ਦਾ ਕੰਮ ਕਰ ਰਿਹਾ ਸੀ, ਅਤੇ ਓਵਰਟਨ ਵੀ ਅਦਾਕਾਰਾਂ ਵਿੱਚੋਂ ਇੱਕ ਸਨ। ਉਹ ਦੋਵੇਂ ਹੋਰ ਲੋਕਾਂ ਨਾਲ ਰਿਸ਼ਤਿਆਂ ਵਿੱਚ ਸਨ, ਪਰ ਦੋਸਤਾਂ ਵਜੋਂ ਇੱਕ-ਦੂਜੇ ਦੇ ਸੰਪਰਕ ਵਿੱਚ ਰਹੇ।

ਆਖ਼ਿਰਕਾਰ 13 ਜਨਵਰੀ 2012 ਨੂੰ ਉਹ ਇੱਕ-ਦੂਜੇ ਨਾਲ ਜੋੜੇ ਵਜੋਂ ਰਹਿਣ ਲੱਗੇ - ਓਵਰਟਨ ਨੂੰ ਇਹ ਤਾਰੀਖ਼ ਯਾਦ ਹੈ ਕਿਉਂਕਿ ਉਨ੍ਹਾਂ ਨੇ 'ਫ੍ਰਾਈਡੇ ਦਿ 13ਥ' ਫ਼ਿਲਮ ਮੈਰਾਥਨ ਕੀਤੀ ਸੀ।

ਓਵਰਟਨ ਨੇ ਕਿਹਾ ਕਿ ਯੂਡਨ ਨਾਲ ਰਹਿਣਾ ਉਨ੍ਹਾਂ ਦੇ ਪਿਛਲੇ ਰਿਸ਼ਤਿਆਂ ਤੋਂ ਵੱਖਰਾ ਸੀ।

ਉਹ ਕਹਿੰਦੇ ਹਨ, "ਉਹ ਮਜ਼ਾਕੀਆ ਅਤੇ ਦੇਖਭਾਲ ਕਰਨ ਵਾਲਾ ਸੀ ਅਤੇ ਮੈਨੂੰ ਉਸ ਕੋਲੋਂ ਪਿਆਰ ਮਹਿਸੂਸ ਹੁੰਦਾ ਸੀ।"

ਉਹ ਇੱਕ ਅਨੋਖੇ ਤਰੀਕੇ ਨਾਲ ਮਿਲੇ ਸਨ ਅਤੇ ਇਕੱਠਿਆਂ ਉਨ੍ਹਾਂ ਦੀ ਜ਼ਿੰਦਗੀ ਵੀ ਅਨੋਖੀ ਸੀ। ਉਹ ਇੱਕ ਅਜਿਹੀ ਕੰਪਨੀ ਲਈ ਪ੍ਰੋਫੈਸ਼ਨਲ ਜ਼ੌਂਬੀ ਵਜੋਂ ਕੰਮ ਕਰਦੇ ਸਨ, ਜੋ ਲੋਕਾਂ ਲਈ ਜ਼ੌਂਬੀ ਹਮਲੇ ਜਾਂ ਜ਼ੌਂਬੀ ਤੋਂ ਬਚਣ ਵਾਲੇ ਡਰਾਉਣੇ ਤਜਰਬਿਆਂ ਵਾਲੇ ਪ੍ਰੋਗਰਾਮ ਕਰਵਾਉਂਦੀ ਸੀ।

ਜ਼ੌਂਬੀ ਦਾ ਕਿਰਦਾਰ ਨਿਭਾਉਣ ਲਈ ਓਵਰਟਨ ਨੂੰ ਸਰੀਰਕ ਤੌਰ 'ਤੇ ਸਰਗਰਮ (ਫਿਜ਼ੀਕਲੀ ਐਕਟਿਵ) ਰਹਿਣਾ ਪੈਂਦਾ ਸੀ, ਪਰ 2017 ਵਿੱਚ ਏਹਲਰਸ-ਡੈਨਲੋਸ ਸਿੰਡਰੋਮ ਦੀ ਪਛਾਣ ਹੋਣ ਤੋਂ ਬਾਅਦ ਉਨ੍ਹਾਂ ਨੂੰ ਇਹ ਕੰਮ ਛੱਡਣਾ ਪਿਆ।

ਫਿਰ 2018 ਦੀ ਸ਼ੁਰੂਆਤ ਵਿੱਚ ਯੂਡਨ ਨੇ ਉਨ੍ਹਾਂ ਦੀ ਦੇਖਭਾਲ ਕਰਨੀ ਸ਼ੁਰੂ ਕਰ ਦਿੱਤੀ।



ਪਿੱਛੇ ਮੁੜ ਕੇ ਦੇਖਣ 'ਤੇ, ਓਵਰਟਨ - ਜਿਨ੍ਹਾਂ ਨੂੰ ਡੇਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ - ਨੂੰ ਲੱਗਦਾ ਹੈ ਕਿ ਯੂਡਨ ਕੰਟਰੋਲ ਕਰਨ ਵਾਲਾ ਬਣਨ ਲੱਗ ਪਿਆ ਸੀ।

ਉਹ ਕਹਿੰਦੇ ਹਨ, "ਉਸ ਨੂੰ ਦੂਜਿਆਂ ਨੂੰ ਇਹ ਦੱਸਣ ਵਿੱਚ ਮਜ਼ਾ ਆਉਂਦਾ ਸੀ ਕਿ ਮੈਂ ਕੀ ਕਰ ਸਕਦੀ ਹਾਂ ਜਾਂ ਕੀ ਨਹੀਂ।"

"ਜੇ ਕੋਈ ਕੁਝ ਕਰਨ ਦਾ ਸੁਝਾਅ ਦਿੰਦਾ, ਤਾਂ ਉਸ ਨੂੰ ਇਹ ਕਹਿਣ ਵਿੱਚ ਮਜ਼ਾ ਆਉਂਦਾ, 'ਮੈਨੂੰ ਨਹੀਂ ਲੱਗਦਾ ਕਿ ਡੇਲ ਇਹ ਸੰਭਾਲ ਸਕੇਗੀ, ਚਲੋ ਕੁਝ ਹੋਰ ਸੋਚਦੇ ਹਾਂ।'"

ਪਰ ਓਵਰਟਨ ਹੁਣ ਜਾਣਦੇ ਹਨ ਕਿ ਯੂਡਨ ਦਾ ਵਿਵਹਾਰ ਉਸ ਤੋਂ ਕਿਤੇ ਜ਼ਿਆਦਾ ਖ਼ਤਰਨਾਕ ਸੀ, ਜਿੰਨਾ ਉਸ ਨੇ ਕਦੇ ਸੋਚਿਆ ਵੀ ਨਹੀਂ ਸੀ।

ਬ੍ਰੈਸਟ ਕੈਂਸਰ ਲਈ ਕੀਮੋਥੈਰੇਪੀ ਦੌਰਾਨ 2020 ਵਿੱਚ ਉਸ ਨੂੰ ਸ਼ੱਕ ਹੋਇਆ ਸੀ।

ਉਹ ਕਹਿੰਦੇ ਹਨ, "ਮੈਨੂੰ ਨਹੀਂ ਪਤਾ ਕਿ ਮੇਰੇ ਸਰੀਰ ਵਿੱਚ ਹੋ ਰਹੀ ਬੇਚੈਨੀ ਜਾਂ ਅਸਹਿਜਤਾ ਉਸ ਵੇਲੇ ਜ਼ਿਆਦਾ ਵਧ ਗਈ ਸੀ ਜਾਂ ਨਹੀਂ, ਪਰ ਜਦੋਂ ਉਹ ਅਜਿਹਾ ਕਰ ਰਿਹਾ ਸੀ ਤਾਂ ਮੇਰੀ ਅੱਖ ਖੁੱਲ੍ਹ ਗਈ।"

"ਉਸ ਨੇ ਬਹੁਤ ਸਾਰੇ ਬਹਾਨੇ ਬਣਾਏ, ਜਿਵੇਂ, 'ਮੈਨੂੰ ਲੱਗਿਆ ਕਿ ਤੂੰ ਜਾਗ ਰਹੀ ਸੀ ਅਤੇ ਤੂੰ ਉਸੇ ਤਰ੍ਹਾਂ ਆਵਾਜ਼ਾਂ ਵੀ ਕੱਢ ਰਹੀ ਸੀ।'"

"ਮੈਂ ਉਸ ਤਣਾਅ ਬਾਰੇ ਸੋਚ ਰਹੀ ਸੀ, ਜਿਸ ਵਿੱਚੋਂ ਅਸੀਂ ਲੰਘ ਰਹੇ ਸੀ ਅਤੇ ਉਹ ਕਹਿ ਰਿਹਾ ਸੀ ਕਿ ਇਹ ਸਭ ਗਲਤੀ ਨਾਲ ਹੋਇਆ।"

ਉਹ ਕਹਿੰਦੇ ਹਨ, "ਮੈਨੂੰ ਲੱਗਦਾ ਹੈ ਕਿ ਸੱਚ ਕੀ ਹੋ ਸਕਦਾ ਸੀ, ਇਹ ਸਮਝਣ ਦੀ ਬਜਾਏ ਝੂਠ 'ਤੇ ਵਿਸ਼ਵਾਸ ਕਰਨਾ ਆਸਾਨ ਸੀ।"

ਉਹ ਕਹਿੰਦੇ ਹਨ, "ਮੈਨੂੰ ਲੱਗਦਾ ਹੈ ਕਿ ਕਿਤੇ ਨਾ ਕਿਤੇ ਮੇਰੇ ਦਿਮਾਗ ਨੂੰ ਸੁੱਤੇ ਹੋਏ ਸੁਰੱਖਿਅਤ ਮਹਿਸੂਸ ਨਹੀਂ ਹੋ ਰਿਹਾ ਸੀ।"

ਓਵਰਟਨ ਕਹਿੰਦੇ ਹਨ ਕਿ ਉਨ੍ਹਾਂ ਨੂੰ ਯੂਡਨ ਨਾਲ ਨੇੜਤਾ ਬਣਾਉਣ ਵਿੱਚ ਵੀ ਮੁਸ਼ਕਿਲ ਹੋਈ, ਅਤੇ ਉਨ੍ਹਾਂ ਨੂੰ ਆਪਣੇ ਅਤੀਤ ਵਿੱਚ ਹੋਏ ਜਿਨਸੀ ਸ਼ੋਸ਼ਣ ਦੇ ਤਜਰਬੇ ਨਾਲ ਜੁੜੇ ਡਰਾਉਣੇ ਸੁਪਨੇ ਆਉਣ ਲੱਗੇ।

ਉਹ ਕਹਿੰਦੇ ਹਨ, "ਉਸ ਸਮੇਂ ਮੈਨੂੰ ਲੱਗਾ ਕਿ ਮੈਂ ਇਸ ਨੂੰ ਆਪਣੇ ਟ੍ਰੌਮਾ ਨਾਲ ਜੋੜ ਰਹੀ ਸੀ ਅਤੇ ਆਪਣੇ ਟ੍ਰੌਮਾ ਕਰਕੇ ਮੈਂ ਉਸ ਨੂੰ ਅਤੇ ਉਸਨੇ ਜੋ ਕੀਤਾ, ਉਸਨੂੰ ਵੀ ਜ਼ਿਆਦਾ ਸਖ਼ਤੀ ਨਾਲ ਦੇਖ ਰਹੀ ਸੀ।"

"ਮੈਨੂੰ ਦੋਸ਼ੀ ਮਹਿਸੂਸ ਹੋਣ ਲੱਗਾ ਅਤੇ ਮੈਂ ਇਨ੍ਹਾਂ ਸਭ ਲਈ ਮਨ ਹੀ ਮਨ ਆਪਣੇ ਆਪ ਨੂੰ ਕੋਸਣ ਲੱਗੀ।"

ਯੂਡਨ ਨੇ ਪੰਜ ਸਾਲ ਬਾਅਦ, 2025 ਵਿੱਚ ਸਾਰਾ ਕੁਝ ਕਬੂਲ ਕਰ ਲਿਆ। ਉਸ ਵੇਲੇ ਉਹ ਖੁਦ ਆਂਤਾਂ ਦੇ ਕੈਂਸਰ ਦਾ ਇਲਾਜ ਕਰਵਾ ਰਿਹਾ ਸੀ।

ਓਵਰਟਨ ਕਹਿੰਦੇ ਹਨ, "ਮੈਨੂੰ ਲੱਗਦਾ ਹੈ ਕਿ ਉਸ ਦੇ ਦਿਮਾਗ ਵਿੱਚ ਕੁਝ ਚੱਲ ਰਿਹਾ ਹੋਵੇਗਾ, ਕਿਉਂਕਿ ਹੁਣ ਉਹ ਦੂਜੇ ਪਾਸੇ ਤੋਂ ਦੇਖ ਰਿਹਾ ਸੀ ਕਿ ਮੈਂ ਕਿਹੜੇ ਹਾਲਾਤ ਵਿੱਚੋਂ ਲੰਘ ਰਹੀ ਸੀ।"

"ਉਹ ਯਕੀਨੀ ਤੌਰ 'ਤੇ ਇਸ ਗੱਲ ਬਾਰੇ ਸੋਚ ਰਿਹਾ ਸੀ ਕਿ ਜਦੋਂ ਮੇਰਾ ਇਲਾਜ ਚੱਲ ਰਿਹਾ ਸੀ, ਤਾਂ ਉਸ ਨੇ ਮੇਰੀ ਠੀਕ ਤਰ੍ਹਾਂ ਦੇਖਭਾਲ ਨਹੀਂ ਕੀਤੀ ਸੀ।"

ਓਵਰਟਨ ਨੂੰ ਪੰਜ ਸਾਲ ਪਹਿਲਾਂ ਦੀ ਉਹ ਗੱਲ ਯਾਦ ਆ ਗਈ, ਜਦੋਂ ਉਹ ਜਾਗੇ ਸਨ ਅਤੇ ਯੂਡਨ ਨੂੰ ਆਪਣੇ ਨਾਲ ਸੈਕਸ ਕਰਦੇ ਹੋਏ ਦੇਖਿਆ ਸੀ।

ਉਹ ਕਹਿੰਦੇ ਹਨ, "ਮੈਂ ਉਸ ਨੂੰ ਧੱਕਾ ਦਿੱਤਾ। ਤੇਰਾ ਕੀ ਮਤਲਬ ਹੈ ਕਿ ਤੂੰ ਮੇਰੀ ਦੇਖਭਾਲ ਨਹੀਂ ਕੀਤੀ?

ਓਵਰਟਨ ਦੇ ਮੁਤਾਬਕ, ਇਹ ਗੱਲਬਾਤ ਦੋ ਦਿਨਾਂ ਤੱਕ ਚੱਲੀ। ਇਸੇ ਦੌਰਾਨ, ਯੂਡਨ ਨੇ ਇੱਕ ਦੋਸਤ ਨੂੰ ਫ਼ੋਨ ਕਰਕੇ ਆਪਣੀ ਹਰਕਤ ਕਬੂਲ ਕੀਤੀ ਅਤੇ ਫਿਰ ਘਰ ਵਾਪਸ ਆਕੇ ਓਵਰਟਨ ਨੂੰ ਵੀ ਸੱਚ ਦੱਸ ਦਿੱਤਾ।

ਉਨ੍ਹਾਂ ਨੂੰ ਲੱਗਿਆ ਕਿ ਉਸ ਨਾਲ ਧੋਖਾ ਹੋਇਆ ਹੈ ਅਤੇ ਬਹੁਤ ਬੁਰਾ ਲੱਗਾ, ਪਰ ਉਨ੍ਹਾਂ ਨੇ ਤੁਰੰਤ ਰਿਸ਼ਤਾ ਖ਼ਤਮ ਨਹੀਂ ਕੀਤਾ। ਉਨ੍ਹਾਂ ਨੂੰ ਲੱਗਾ ਕਿ ਉਹ ਯੂਡਨ 'ਤੇ ਨਿਰਭਰ ਸਨ ਅਤੇ ਉਸ ਨਾਲ ਪਿਆਰ ਵੀ ਕਰਦੇ ਸਨ।

ਓਵਰਟਨ ਪਹਿਲਾਂ ਤੋਂ ਹੀ ਆਪਣੇ ਨਾਲ ਹੋਏ ਪੁਰਾਣੇ ਜਿਨਸੀ ਸ਼ੋਸ਼ਣ ਦੇ ਕਾਰਨ ਗਰੁੱਪ ਥੈਰੇਪੀ ਲੈ ਰਹੇ ਸਨ ਅਤੇ ਉਨ੍ਹਾਂ ਨੇ ਆਪਣੇ ਅਗਲੇ ਸੈਸ਼ਨ ਵਿੱਚ ਇਸ ਬਾਰੇ ਦੱਸਿਆ।

ਉਹ ਕਹਿੰਦੇ ਹਨ, "ਇੱਕ ਕਾਊਂਸਲਰ, ਇੱਕ ਥੈਰੇਪਿਸਟ ਨੇ ਮੈਨੂੰ ਇਸ ਸਥਿਤੀ ਵਿੱਚੋਂ ਬਾਹਰ ਕੱਢਿਆ, ਕਿਉਂਕਿ ਮੈਂ ਬੁਰੀ ਤਰ੍ਹਾਂ ਟੁੱਟ ਚੁੱਕੀ ਸੀ ਅਤੇ ਰੋਂਦਿਆਂ ਕਹਿ ਰਹੀ ਸੀ, 'ਮੈਂ ਕੀ ਕਰਾਂ?



ਮੈਂ ਉਸ ਨੂੰ ਅਜਿਹਾ ਕਰਨ ਤੋਂ ਕਿਵੇਂ ਰੋਕਾਂ?'

"ਅਤੇ ਉਸ ਕਾਊਂਸਲਰ ਨੇ ਕਿਹਾ, 'ਤੁਸੀਂ ਉਸ ਨੂੰ ਘਰੋਂ ਬਾਹਰ ਕੱਢ ਦਿਓ ਅਤੇ ਪੁਲਿਸ ਨੂੰ ਫ਼ੋਨ ਕਰੋ'।"

ਅਤੇ ਉਸੇ ਦਿਨ ਬਾਅਦ ਵਿੱਚ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੀ ਇੱਕ 'ਸੇਫਗਾਰਡਿੰਗ ਮੀਟਿੰਗ' (ਸੁਰੱਖਿਆ ਨਾਲ ਜੁੜੀ ਬੈਠਕ) ਹੋਈ ਸੀ ਅਤੇ ਉਹ ਇਸ ਪੂਰੇ ਮਾਮਲੇ ਦੀ ਜਾਣਕਾਰੀ ਪੁਲਿਸ ਨੂੰ ਦੇਣ ਵਾਲੇ ਸਨ। ਉਸ ਸਮੇਂ ਮੈਨੂੰ ਸਮਝ ਆ ਗਿਆ ਕਿ ਹੁਣ ਇਹ ਮਾਮਲਾ ਮੇਰੇ ਹੱਥੋਂ ਨਿਕਲ ਚੁੱਕਾ ਸੀ।"

ਇਹ ਕੇਸ ਡਰਬੀਸ਼ਾਇਰ ਪੁਲਿਸ ਦੀ ਡਿਟੈਕਟਿਵ ਸਾਰਜੈਂਟ ਐਲੇਨੋਰ ਕਿਰਟਨ ਨੂੰ ਸੌਂਪਿਆ ਗਿਆ।

"ਜ਼ਾਹਿਰ ਹੈ, ਜੋ ਕੁਝ ਹੋਇਆ ਸੀ, ਉਸ ਨੂੰ ਲੈਕੇ ਉਹ ਬਹੁਤ ਪਰੇਸ਼ਾਨ ਸੀ।"

ਓਵਰਟਨ ਤੋਂ ਪੁੱਛਗਿੱਛ ਕਰਨ ਤੋਂ ਬਾਅਦ ਪੁਲਿਸ ਨੇ ਯੂਡਨ ਨੂੰ ਗ੍ਰਿਫ਼ਤਾਰ ਕਰ ਲਿਆ।

ਐਲੇਨੋਰ ਕਿਰਟਨ ਕਹਿੰਦੇ ਹਨ, "ਜਦੋਂ ਮੈਂ ਉਸ ਤੋਂ ਪੁੱਛਗਿੱਛ ਕੀਤੀ, ਤਾਂ ਉਸ ਨੇ ਤੁਰੰਤ ਆਪਣਾ ਜੁਰਮ ਕਬੂਲ ਕਰ ਲਿਆ।"

"ਉਸ ਨੇ ਸਾਫ਼-ਸਾਫ਼ ਮੰਨ ਲਿਆ ਕਿ ਉਸ ਨੇ ਉਨ੍ਹਾਂ ਨਾਲ ਬਲਾਤਕਾਰ ਕੀਤਾ ਸੀ। ਸਾਡੀ ਜਾਂਚ ਵਿੱਚ ਅਜਿਹਾ ਬਹੁਤ ਘੱਟ ਹੁੰਦਾ ਹੈ ਕਿ ਮਾਮਲਾ ਇੰਨੀ ਜਲਦੀ ਇਸ ਮੋੜ 'ਤੇ ਪਹੁੰਚ ਜਾਵੇ।"

ਯੂਡਨ 'ਤੇ ਬਲਾਤਕਾਰ ਦੇ ਦੋ ਇਲਜ਼ਾਮ ਲਗਾਏ ਗਏ। ਬਾਅਦ ਵਿੱਚ ਉਸ ਨੇ ਅਦਾਲਤ ਵਿੱਚ ਆਪਣਾ ਜੁਰਮ ਕਬੂਲ ਕਰ ਲਿਆ ਅਤੇ ਉਸ ਨੂੰ ਛੇ ਸਾਲ ਅੱਠ ਮਹੀਨੇ ਦੀ ਸਜ਼ਾ ਸੁਣਾਈ ਗਈ।

ਕਿਰਟਨ ਦਾ ਕਹਿਣਾ ਹੈ ਕਿ ਓਵਰਟਨ ਦੀ ਇਸ ਹਿੰਮਤ ਨਾਲ ਦੂਜੀਆਂ ਮਹਿਲਾਵਾਂ ਨੂੰ ਬਚਾਉਣ ਵਿੱਚ ਮਦਦ ਮਿਲੀ ਹੈ।

ਉਹ ਅੱਗੇ ਕਹਿੰਦੇ ਹਨ, "ਉਨ੍ਹਾਂ ਦੀ ਬਹਾਦਰੀ ਅਤੇ ਹਿੰਮਤ ਦੀ ਵਜ੍ਹਾ ਨਾਲ ਅਸੀਂ ਕਈ ਹੋਰ ਲੋਕਾਂ ਨੂੰ ਸੁਰੱਖਿਅਤ ਰੱਖ ਸਕੇ ਹਾਂ, ਜਿਨ੍ਹਾਂ ਨਾਲ ਇਹ ਵਿਅਕਤੀ ਅੱਗੇ ਵੀ ਅਜਿਹੇ ਅਪਰਾਧ ਕਰ ਸਕਦਾ ਸੀ।"

"ਜੇ ਕਿਸੇ ਨੂੰ ਲੱਗਦਾ ਹੈ ਕਿ ਉਨ੍ਹਾਂ ਨਾਲ ਵੀ ਅਜਿਹਾ ਹੋ ਰਿਹਾ ਹੈ, ਤਾਂ ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗੀ ਕਿ ਉਹ ਆਕੇ ਸਾਡੇ ਨਾਲ ਗੱਲ ਕਰਨ, ਕਿਉਂਕਿ ਅਸੀਂ ਕੁਝ ਕਰ ਸਕਦੇ ਹਾਂ ਅਤੇ ਇਹ ਮਾਮਲਾ ਇਸਦਾ ਸਬੂਤ ਹੈ।"

ਪਰ ਓਵਰਟਨ ਹੁਣ ਵੀ ਇਹ ਸਮਝ ਨਹੀਂ ਪਾ ਰਹੇ ਕਿ 13 ਸਾਲ ਤੱਕ ਉਨ੍ਹਾਂ ਨਾਲ ਪਿਆਰ ਨਾਲ ਰਹਿਣ ਵਾਲੇ ਪਾਰਟਨਰ ਨੇ ਸੁੱਤੇ ਹੋਏ ਉਨ੍ਹਾਂ ਨਾਲ ਬਲਾਤਕਾਰ ਕਿਉਂ ਕੀਤਾ।

ਉਹ ਕਹਿੰਦੇ ਹਨ, "ਮੈਨੂੰ ਸਮਝ ਨਹੀਂ ਆਉਂਦਾ ਕਿ ਕੋਈ ਵਿਅਕਤੀ ਕਿਸੇ ਅਜਿਹੇ ਇਨਸਾਨ ਤੋਂ ਕਿਵੇਂ ਆਨੰਦ ਲੈ ਸਕਦਾ ਹੈ ਜੋ ਕੋਈ ਪ੍ਰਤੀਕਿਰਿਆ ਹੀ ਨਾ ਦੇ ਰਿਹਾ ਹੋਵੇ, ਅਤੇ ਇਹੀ ਗੱਲ ਮੈਨੂੰ ਸਮਝ ਨਹੀਂ ਆ ਰਹੀ ਸੀ।"

"ਪਤਾ ਨਹੀਂ ਇਸ ਨੂੰ ਕਿਵੇਂ ਕਹਾਂ, ਉਸ ਨੂੰ ਸੁੱਤੀਆਂ ਹੋਈਆਂ ਮਹਿਲਾਵਾਂ ਵਿੱਚ ਦਿਲਚਸਪੀ ਸੀ।"

"ਉਹ ਚਾਹੁੰਦਾ ਸੀ ਕਿ ਮੈਂ ਸੁੱਤੀ ਰਹਾਂ ਅਤੇ ਮੈਨੂੰ ਪਤਾ ਨਾ ਲੱਗੇ ਕਿ ਉਹ ਕੀ ਕਰ ਰਿਹਾ ਹੈ।"

ਓਵਰਟਨ ਨੂੰ ਸ਼ੱਕ ਹੈ ਕਿ ਯੂਡਨ ਉਨ੍ਹਾਂ ਨੂੰ ਉਨ੍ਹਾਂ ਦੀਆਂ ਹੀ ਦਵਾਈਆਂ ਦੇ ਕੇ ਬੇਹੋਸ਼ ਕਰ ਦਿੰਦਾ ਸੀ, ਕਿਉਂਕਿ ਉਨ੍ਹਾਂ ਦਵਾਈਆਂ 'ਤੇ ਉਸੇ ਦਾ ਪੂਰਾ ਕੰਟਰੋਲ ਸੀ।

ਉਹ ਕਹਿੰਦੇ ਹਨ, "ਮੇਰੇ ਕੋਲ ਛੋਟੀਆਂ-ਛੋਟੀਆਂ ਡੱਬੀਆਂ ਸਨ, ਜਿਨ੍ਹਾਂ ਵਿੱਚ ਦਵਾਈਆਂ ਰੱਖੀਆਂ ਹੁੰਦੀਆਂ ਸਨ ਅਤੇ ਉਹ ਮੇਰੇ ਲਈ ਸਾਰੀਆਂ ਦਵਾਈਆਂ ਕੱਢ ਕੇ ਦਿੰਦਾ ਸੀ।"

"ਹੁਣ ਮੇਰੇ ਕੋਲ ਦੂਜੀਆਂ ਦਵਾਈਆਂ ਦੇ ਮੁਕਾਬਲੇ ਨੀਂਦ ਲਿਆਉਣ ਵਾਲੀਆਂ ਦਵਾਈਆਂ (ਸੇਡੇਟਿਵ) ਬਹੁਤ ਘੱਟ ਬਚੀਆਂ ਹਨ, ਇਸ ਲਈ ਮੈਨੂੰ ਪੱਕਾ ਸ਼ੱਕ ਹੈ ਕਿ ਉਹ ਮੈਨੂੰ ਨੀਂਦ ਵਿੱਚ ਰੱਖਣ ਲਈ ਲੋੜ ਤੋਂ ਵੱਧ ਦਵਾਈ (ਓਵਰਡੋਜ਼) ਦਿੰਦਾ ਸੀ।"

ਕਿਰਟਨ ਦਾ ਕਹਿਣਾ ਹੈ ਕਿ ਇਹ ਇੱਕ "ਇਤਿਹਾਸਕ ਮਾਮਲਾ" ਸੀ, ਇਸ ਲਈ ਫੋਰੈਂਸਿਕ ਅਤੇ ਟੌਕਸੀਕੋਲੋਜੀ ਤੋਂ ਇਹ ਪੱਕਾ ਨਹੀਂ ਹੋ ਸਕਦਾ ਕਿ ਅਜਿਹਾ ਹੋਇਆ ਸੀ ਜਾਂ ਨਹੀਂ।

ਇਸ ਦੇ ਨਾਲ ਹੀ, ਅਦਾਲਤ ਵਿੱਚ ਇਸ ਬਾਰੇ ਕੋਈ ਸਬੂਤ ਪੇਸ਼ ਨਹੀਂ ਕੀਤਾ ਗਿਆ।

ਪਰ ਯੂਡਨ ਨੇ ਪੁਲਿਸ ਨੂੰ ਦੱਸਿਆ ਸੀ ਕਿ ਉਸ ਨੇ ਓਵਰਟਨ ਨਾਲ ਇੱਕ ਵਾਰ ਉਦੋਂ ਬਲਾਤਕਾਰ ਕੀਤਾ ਸੀ, ਜਦੋਂ ਉਹ ਕੀਮੋਥੈਰੇਪੀ ਲੈ ਰਹੀ ਸੀ, ਜਿਸ ਨਾਲ ਲੋਕ ਜ਼ਿਆਦਾ ਥੱਕ ਜਾਂਦੇ ਹਨ।



ਕਿਰਟਨ ਕਹਿੰਦੇ ਹਨ, "ਮੈਨੂੰ ਲੱਗਦਾ ਹੈ ਕਿ ਉਸ ਨੇ ਉਸ ਸਮੇਂ ਇਹ ਗੱਲ ਦੱਸੀ ਸੀ ਕਿ ਉਹ ਕੀਮੋਥੈਰੇਪੀ ਲੈ ਰਹੀ ਸੀ, ਅਤੇ ਉਹ ਮੰਨਦਾ ਹੈ ਕਿ ਉਸ ਘਟਨਾ ਦੇ ਸਮੇਂ ਉਹ ਦਵਾਈ ਦੇ ਅਸਰ ਹੇਠ ਰਹੀ ਹੋਵੇਗੀ।"

ਹਾਲਾਂਕਿ ਯੂਡਨ 'ਤੇ ਓਵਰਟਨ ਨਾਲ ਦੋ ਵਾਰ ਬਲਾਤਕਾਰ ਕਰਨ ਦਾ ਦੋਸ਼ ਲਗਾਇਆ ਗਿਆ ਸੀ, ਪਰ ਉਨ੍ਹਾਂ ਦਾ ਮੰਨਣਾ ਹੈ ਕਿ ਉਸ ਨੇ ਅਜਿਹਾ ਕਈ ਵਾਰ ਕੀਤਾ ਹੈ।

ਓਵਰਟਨ ਕਹਿੰਦੇ ਹਨ, "ਉਸ ਨੇ ਮੈਨੂੰ ਦੱਸਿਆ ਸੀ ਕਿ ਉਸ ਨੇ ਮੇਰੇ ਨਾਲ ਸੱਤ ਜਾਂ ਅੱਠ ਵਾਰ ਅਜਿਹਾ ਕੀਤਾ ਹੈ।"

ਉਨ੍ਹਾਂ ਦੀ ਧੀ, ਸ਼ਾਰੀ ਓਵਰਟਨ ਦਾ ਕਹਿਣਾ ਹੈ ਕਿ ਯੂਡਨ ਦੇ ਅਪਰਾਧਾਂ ਦਾ ਉਨ੍ਹਾਂ ਦੀ ਮਾਂ 'ਤੇ ਜੋ ਅਸਰ ਪਿਆ ਹੈ, ਉਸ ਨੂੰ ਦੇਖਣਾ ਮੁਸ਼ਕਿਲ ਰਿਹਾ ਹੈ।

ਸ਼ਾਰੀ ਕਹਿੰਦੇ ਹਨ, "ਉਹ (ਮੇਰੀ ਮਾਂ) ਹੁਣ ਬਹੁਤ ਬਦਲ ਗਏ ਹਨ। ਮੈਂ ਦੇਖ ਸਕਦੀ ਹਾਂ ਕਿ ਉਨ੍ਹਾਂ ਦਾ ਆਤਮ-ਵਿਸ਼ਵਾਸ ਬਹੁਤ ਘੱਟ ਹੋ ਗਿਆ ਹੈ।"

"ਮੈਨੂੰ ਉਨ੍ਹਾਂ 'ਤੇ ਬਹੁਤ ਮਾਣ ਹੈ ਕਿ ਉਨ੍ਹਾਂ ਨੇ ਇਸ ਸਭ ਦਾ ਸਾਹਮਣਾ ਕੀਤਾ, ਪੁਲਿਸ ਅਤੇ ਅਦਾਲਤ ਨਾਲ ਗੱਲ ਕੀਤੀ ਅਤੇ ਆਪਣੇ ਹੱਕ ਲਈ ਆਵਾਜ਼ ਉਠਾਈ।"

ਓਵਰਟਨ ਨੂੰ ਉਮੀਦ ਹੈ ਕਿ ਉਨ੍ਹਾਂ ਦੀ ਕਹਾਣੀ ਦੂਜੇ ਕਮਜ਼ੋਰ ਲੋਕਾਂ ਨੂੰ ਦਿਖਾਏਗੀ ਕਿ ਉਨ੍ਹਾਂ ਨੂੰ ਅਜਿਹੇ ਲੋਕਾਂ ਕੋਲੋਂ ਦੁਰਵਿਵਹਾਰ ਸਹਿਣ ਕਰਨ ਦੀ ਲੋੜ ਨਹੀਂ, ਜੋ ਖੁਦ ਨੂੰ ਉਨ੍ਹਾਂ ਦੀ ਦੇਖਭਾਲ ਕਰਨ ਵਾਲਾ ਕਹਾਉਂਦੇ ਹਨ।

ਉਹ ਕਹਿੰਦੇ ਹਨ, "ਮੈਨੂੰ ਲੱਗਦਾ ਹੈ ਕਿ ਮੈਨੂੰ ਆਵਾਜ਼ ਉਠਾਉਣੀ ਚਾਹੀਦੀ ਹੈ, ਕਿਉਂਕਿ ਇਸ ਨੇ ਮੈਨੂੰ ਇਹ ਸੋਚਣ ਲਈ ਮਜਬੂਰ ਕੀਤਾ ਕਿ ਹੋਰ ਕਿੰਨੇ ਅਪਾਹਜ ਲੋਕ ਅਜਿਹੀਆਂ ਸਥਿਤੀਆਂ ਵਿੱਚ ਹਨ, ਜਿੱਥੇ ਕਿਸੇ ਹੋਰ ਦਾ ਉਨ੍ਹਾਂ 'ਤੇ ਕੰਟਰੋਲ ਹੈ।"

"ਸਭ ਕੁਝ ਪਤਾ ਲੱਗਣ ਤੋਂ ਬਾਅਦ ਕੁਝ ਮਹੀਨਿਆਂ ਤੱਕ ਮੈਨੂੰ ਲੱਗਦਾ ਸੀ ਕਿ ਸ਼ਾਇਦ ਇਹ ਉਸ ਦੀ ਦੇਖਭਾਲ ਦੇ ਬਦਲੇ ਵਿੱਚ ਕੁਝ ਸੀ। ਸ਼ਾਇਦ ਮੈਂ ਉਸ ਨੇੜਤਾ ਲਈ ਉਸ ਦੀ ਕਰਜ਼ਦਾਰ ਸੀ। ਪਰ ਅਜਿਹਾ ਨਹੀਂ ਸੀ ਅਤੇ ਕਿਸੇ ਹੋਰ ਨੂੰ ਵੀ ਅਜਿਹਾ ਨਹੀਂ ਕਰਨਾ ਚਾਹੀਦਾ।"

ਏਸ਼ੀਅਨ ਖੇਡਾਂ 2026: ਭਾਰਤੀ ਖਿਡਾਰੀਆਂ ਨੇ ਹੁਣ ਤੱਕ ਕਿੰਨੇ ਮੈਡਲ ਜਿੱਤੇ?

ਕੈਨੇਡਾ 'ਚ ਸ਼ਰਨ ਲੈਣਾ ਕਿੰਨਾ ਔਖਾ ਹੋਇਆ? ਭਾਰਤ ਨਾਲ ਜੁੜੇ ਦਾਅਵਿਆਂ ਦੇ ਅੰਕੜੇ ਕੀ ਕਹਿੰਦੇ ਹਨ?

ਪੰਜਾਬ

## ਇਲਾਇਚੀ, ਮਿਨਰਲ ਵਾਟਰ ਦੇ ਇਸ਼ਤਿਹਾਰਾਂ ਰਾਹੀਂ ਪਾਨ ਮਸਾਲਾ-ਸ਼ਰਾਬ ਦਾ ਪ੍ਰਚਾਰ, ਕਿੰਨਾ ਵੱਡਾ ਹੈ ਕਾਰੋਬਾਰ? ਰਾਸ਼ਟਰਪਤੀ ਨੇ ਦਿੱਤੀ ਦੂਰ ਰਹਿਣ ਦੀ ਨਸੀਹਤ

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਕਲਾਕਾਰਾਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਵਾਲੀਆਂ ਚੀਜ਼ਾਂ ਦਾ ਪ੍ਰਚਾਰ ਨਾ ਕਰਨ। ਜਾਣੋ ਕਿਵੇਂ ਇਲਾਇਚੀ ਅਤੇ ਮਿਨਰਲ ਵਾਟਰ ਦੇ ਇਸ਼ਤਿਹਾਰਾਂ ਰਾਹੀਂ ਪਾਨ ਮਸਾਲਾ ਅਤੇ ਸ਼ਰਾਬ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਦਾ ਕਾਰੋਬਾਰ ਕਿੰਨਾ ਵੱਡਾ ਹੈ।

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ 72ਵੇਂ ਰਾਸ਼ਟਰੀ ਫ਼ਿਲਮ ਪੁਰਸਕਾਰ ਸਮਾਰੋਹ ਵਿੱਚ ਮਸ਼ਹੂਰ ਕਲਾਕਾਰਾਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਵਾਲੀਆਂ ਚੀਜ਼ਾਂ ਅਤੇ ਅਜਿਹੇ ਹਾਨੀਕਾਰਕ ਉਤਪਾਦਾਂ ਦਾ ਪ੍ਰਚਾਰ ਨਾ ਕਰਨ। ਉਨ੍ਹਾਂ ਕਿਹਾ ਕਿ ਸਟਾਰ ਉਹੀ ਹੈ ਜੋ ਰੌਸ਼ਨੀ ਫੈਲਾਏ, ਹਨੇਰਾ ਨਹੀਂ। ਉਨ੍ਹਾਂ ਕਿਹਾ ਕਿ ਦੇਸ਼ ਦੇ ਕਰੋੜਾਂ ਨੌਜਵਾਨ ਅਤੇ ਬੱਚੇ ਤੁਹਾਨੂੰ ਆਪਣਾ ਆਦਰਸ਼ ਮੰਨਦੇ ਹਨ ਅਤੇ ਤੁਹਾਡੀ ਜੀਵਨ ਸ਼ੈਲੀ ਦੀ ਨਕਲ ਕਰਦੇ ਹਨ। ਇਸ ਨੂੰ ਰੋਕਣਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਇਹ ਗੱਲ ਕਿਸੇ ਤੋਂ ਲੁਕੀ ਨਹੀਂ ਹੈ ਕਿ ਦੇਸ਼ ਵਿੱਚ ਕਰੋੜਾਂ ਨੌਜਵਾਨ ਨਸ਼ੇ ਦੀ ਲਪੇਟ ਵਿੱਚ ਹਨ। ਨਸ਼ੇ ਦਾ ਕਾਨੂੰਨੀ ਅਤੇ ਗੈਰ-ਕਾਨੂੰਨੀ ਕਾਰੋਬਾਰ ਅਰਬਾਂ ਰੁਪਏ ਦਾ ਹੈ।

ਆਓ, ਰਾਸ਼ਟਰਪਤੀ ਦੀ ਇਸ ਅਪੀਲ ਦੇ ਬਹਾਨੇ ਜਾਣਦੇ ਹਾਂ ਕਿ ਪਾਨ ਮਸਾਲਾ ਅਤੇ ਸ਼ਰਾਬ ਵਰਗੀਆਂ ਕਿੰਨੀਆਂ ਚੀਜ਼ਾਂ ਦੀ ਆੜ ਵਿੱਚ ਸੈਲੇਬ੍ਰਿਟੀ ਇਲਾਇਚੀ, ਮਿਨਰਲ ਵਾਟਰ ਸਮੇਤ ਹੋਰ ਕੀ-ਕੀ ਉਤਪਾਦ ਵੇਚਦੇ ਹਨ? ਵਿਵਾਦ ਹੋਣ ਦੇ ਬਾਵਜੂਦ ਇਨ੍ਹਾਂ ਨੂੰ ਕਿਉਂ ਨਹੀਂ ਰੋਕਿਆ ਜਾਂਦਾ? ਦੇਸ਼ ਵਿੱਚ ਪਾਨ ਮਸਾਲਾ ਅਤੇ ਸ਼ਰਾਬ ਦਾ ਕਾਰੋਬਾਰ ਕਿੰਨਾ ਵੱਡਾ ਹੈ?




ਇਲਾਇਚੀ, ਮਿਨਰਲ ਵਾਟਰ ਦੇ ਇਸ਼ਤਿਹਾਰਾਂ ਰਾਹੀਂ ਪਾਨ ਮਸਾਲਾ-ਸ਼ਰਾਬ ਦਾ ਪ੍ਰਚਾਰ, ਕਿੰਨਾ

**ਇਲਾਇਚੀ, ਮਿਨਰਲ ਵਾਟਰ ਦੇ ਇਸ਼ਤਿਹਾਰਾਂ ਰਾਹੀਂ ਪਾਨ ਮਸਾਲਾ-ਸ਼ਰਾਬ ਦਾ ਪ੍ਰਚਾਰ, ਕਿੰਨਾ ਵੱਡਾ ਹੈ ਕਾਰੋਬਾਰ? ਰਾਸ਼ਟਰਪਤੀ ਨੇ ਦਿੱਤੀ ਦੂਰ ਰਹਿਣ ਦੀ ਨਸੀਹਤ (ਜਾਰੀ)**

ਕਿਸੇ ਇਸ਼ਤਿਹਾਰ ਵਿੱਚ ਸਾਹਮਣੇ ਇਲਾਇਚੀ, ਸੋਡਾ ਜਾਂ ਮਿਨਰਲ ਵਾਟਰ ਦਿਖਾਈ ਦਿੰਦਾ ਹੈ। ਪਰ ਦਰਸ਼ਕ ਨੂੰ ਪਾਨ ਮਸਾਲਾ ਜਾਂ ਸ਼ਰਾਬ ਦਾ ਬ੍ਰਾਂਡ ਯਾਦ ਆ ਜਾਂਦਾ ਹੈ। ਇਹੀ ਸਰੋਗੇਟ ਇਸ਼ਤਿਹਾਰ ਦੀ ਬੁਨਿਆਦੀ ਤਰਕੀਬ ਹੈ। ਪਾਬੰਦੀਸ਼ੁਦਾ ਜਾਂ ਸੀਮਤ ਉਤਪਾਦ ਦਾ ਨਾਮ ਸਿੱਧੇ ਤੌਰ ‘ਤੇ ਲੈਣ ਦੀ ਬਜਾਏ, ਉਸੇ ਬ੍ਰਾਂਡ ਨਾਲ ਜੁੜੇ ਕਿਸੇ ਹੋਰ ਉਤਪਾਦ ਨੂੰ ਇਸ਼ਤਿਹਾਰ ਦਾ ਚਿਹਰਾ ਬਣਾਇਆ ਜਾਂਦਾ ਹੈ। ਇੱਥੇ ਇੱਕ ਜ਼ਰੂਰੀ ਫ਼ਰਕ ਸਮਝਣਾ ਚਾਹੀਦਾ ਹੈ। ਹਰ ਇਲਾਇਚੀ ਜਾਂ ਪਾਣੀ ਦਾ ਇਸ਼ਤਿਹਾਰ ਸਰੋਗੇਟ ਇਸ਼ਤਿਹਾਰ ਨਹੀਂ ਹੁੰਦਾ। ਸਵਾਲ ਉਦੋਂ ਉੱਠਦਾ ਹੈ, ਜਦੋਂ ਦੂਜੇ ਉਤਪਾਦ ਦਾ ਨਾਮ, ਰੰਗ, ਲੋਗੋ, ਪੈਕੇਜਿੰਗ, ਜਿੰਗਲ ਜਾਂ ਇਸ਼ਤਿਹਾਰ ਦੀ ਸ਼ੈਲੀ ਕਿਸੇ ਪਾਨ ਮਸਾਲਾ ਜਾਂ ਸ਼ਰਾਬ ਦੇ ਬ੍ਰਾਂਡ ਦੀ ਯਾਦ ਦਿਵਾਏ। ਅਜਿਹੇ ਮਾਮਲੇ ਵਿੱਚ ਇਹ ਜਾਂਚ ਦਾ ਵਿਸ਼ਾ ਬਣ ਜਾਂਦਾ ਹੈ ਕਿ ਇਸ਼ਤਿਹਾਰ ਅਸਲ ਵਿੱਚ ਉਸ ਦੂਜੇ ਉਤਪਾਦ ਨੂੰ ਵੇਚ ਰਿਹਾ ਹੈ ਜਾਂ ਮੁੱਖ ਤੌਰ ‘ਤੇ ਪਾਬੰਦੀਸ਼ੁਦਾ ਉਤਪਾਦ ਦਾ ਨਾਮ ਲੋਕਾਂ ਤੱਕ ਪਹੁੰਚਾ ਰਿਹਾ ਹੈ।

ਸਰੋਗੇਟ ਇਸ਼ਤਿਹਾਰਾਂ ਰਾਹੀਂ ਪਾਨ ਮਸਾਲਾ ਅਤੇ ਸ਼ਰਾਬ ਦਾ ਪ੍ਰਚਾਰ ਹੋ ਰਿਹਾ ਹੈ।

ਪਾਨ ਮਸਾਲਾ ਅਤੇ ਤੰਬਾਕੂ ਨਾਲ ਜੁੜੇ ਬ੍ਰਾਂਡਾਂ ਦੇ ਨਾਲ ਇਲਾਇਚੀ, ਮਾਊਥ ਫ੍ਰੈਸ਼ਨਰ ਅਤੇ ਹੋਰ ਖੁਸ਼ਬੂਦਾਰ ਉਤਪਾਦਾਂ ਦੇ ਇਸ਼ਤਿਹਾਰ ਦਿਖਾਏ ਜਾਂਦੇ ਹਨ। ਸ਼ਰਾਬ ਦੇ ਬ੍ਰਾਂਡ ਪਾਣੀ, ਸੋਡਾ, ਮਿਊਜ਼ਿਕ ਜਾਂ ਮਨੋਰੰਜਨ ਨਾਲ ਜੁੜੇ ਨਾਮਾਂ ਰਾਹੀਂ ਸਾਹਮਣੇ ਆਉਂਦੇ ਹਨ। ਕਈ ਵਾਰ ਇਸ਼ਤਿਹਾਰ ਵਿੱਚ ਉਤਪਾਦ ਨਾਲੋਂ ਜ਼ਿਆਦਾ ਬ੍ਰਾਂਡ ਦਾ ਨਾਮ, ਰੰਗ ਅਤੇ ਪਛਾਣ ਯਾਦ ਰਹਿ ਜਾਂਦੀ ਹੈ। ਇਸ ਰਣਨੀਤੀ ਦਾ ਮਕਸਦ ਸਿਰਫ਼ ਕੋਈ ਛੋਟਾ ਉਤਪਾਦ ਵੇਚਣਾ ਨਹੀਂ ਹੁੰਦਾ। ਵਾਰ-ਵਾਰ ਦਿਖਾਈ ਦੇਣ ਵਾਲਾ ਨਾਮ ਬ੍ਰਾਂਡ ਨੂੰ ਲੋਕਾਂ ਦੇ ਦਿਮਾਗ ਵਿੱਚ ਬਣਾਈ ਰੱਖਦਾ ਹੈ। ਇਹੀ ਕਾਰਨ ਹੈ ਕਿ ਕਿਸੇ ਇਸ਼ਤਿਹਾਰ ਵਿੱਚ ਸਿਰਫ਼ ਇਲਾਇਚੀ ਲਿਖੇ ਹੋਣ ਨਾਲ ਵਿਵਾਦ ਖ਼ਤਮ ਨਹੀਂ ਹੁੰਦਾ। ਇਸ ਦੀ ਪੂਰੀ ਪੇਸ਼ਕਾਰੀ ਅਤੇ ਬਾਜ਼ਾਰ ਵਿੱਚ ਬ੍ਰਾਂਡ ਦੀ ਪਛਾਣ ਨੂੰ ਧਿਆਨ ਨਾਲ ਦੇਖਿਆ ਜਾਂਦਾ ਹੈ। ਕਾਨੂੰਨ ਦੀਆਂ ਕਮੀਆਂ ਵੀ ਕੰਪਨੀਆਂ ਅਤੇ ਪ੍ਰਚਾਰ ਨਾਲ ਜੁੜੀਆਂ ਮਸ਼ਹੂਰ ਹਸਤੀਆਂ ਨੂੰ ਮੌਕਾ ਦਿੰਦੀਆਂ ਹਨ।

ਫ਼ਿਲਮੀ ਸਿਤਾਰਿਆਂ ਅਤੇ ਪ੍ਰਸਿੱਧ ਖਿਡਾਰੀਆਂ ਦੀ ਵੱਡੀ ਪਛਾਣ ਹੁੰਦੀ ਹੈ। ਉਨ੍ਹਾਂ ਦੇ ਚਿਹਰੇ ਨਾਲ ਇਸ਼ਤਿਹਾਰ ਲੋਕਾਂ ਦਾ ਧਿਆਨ ਜਲਦੀ ਖਿੱਚ ਲੈਂਦਾ ਹੈ। ਕੰਪਨੀ ਨੂੰ ਉਮੀਦ ਹੁੰਦੀ ਹੈ ਕਿ ਉਨ੍ਹਾਂ ਦੀ ਲੋਕਪ੍ਰਿਯਤਾ ਨਾਲ ਬ੍ਰਾਂਡ ਦਾ ਨਾਮ ਵੀ ਘਰ-ਘਰ ਤੱਕ ਪਹੁੰਚੇਗਾ। ਇਸ ਦੇ ਬਦਲੇ ਉਨ੍ਹਾਂ ਨੂੰ ਚੰਗੀ-ਖਾਸੀ ਫੀਸ ਮਿਲਦੀ ਹੈ। ਪਰ ਵਿਵਾਦ ਹੋਣ ‘ਤੇ ਜ਼ਿੰਮੇਵਾਰੀ ਦਾ ਸਵਾਲ ਵੀ ਉੱਠਦਾ ਹੈ। ਕੀ ਕਲਾਕਾਰ ਨੂੰ ਪਤਾ ਸੀ ਕਿ ਇਸ਼ਤਿਹਾਰ ਕਿਸ ਉਤਪਾਦ ਅਤੇ ਕਿਸ ਬ੍ਰਾਂਡ ਦੀ ਪਛਾਣ ਨੂੰ ਪ੍ਰਮੋਟ ਕਰ ਰਿਹਾ ਹੈ? ਕੀ ਉਸ ਨੇ ਕੰਟਰੈਕਟ ਅਤੇ ਉਤਪਾਦ ਦੀ ਜਾਣਕਾਰੀ ਨੂੰ ਠੀਕ ਤਰ੍ਹਾਂ ਜਾਂਚਿਆ?

ਇਨ੍ਹਾਂ ਸਵਾਲਾਂ ਦੇ ਜਵਾਬ ਹਰ ਮਾਮਲੇ ਵਿੱਚ ਵੱਖ-ਵੱਖ ਹੁੰਦੇ ਹਨ। ਇਸ ਲਈ ਕਈ ਵਾਰ ਦੋਸ਼ ਜਾਂ ਨੋਟਿਸ ਦੀ ਚਰਚਾ ਤਾਂ ਬਹੁਤ ਹੁੰਦੀ ਹੈ, ਪਰ ਉਹ ਕਾਨੂੰਨੀ ਕਾਰਵਾਈ ਤੋਂ ਬਚ ਨਿਕਲਦੇ ਹਨ। ਇਸੇ ਤਰ੍ਹਾਂ, ਪਾਨ ਮਸਾਲਾ ਇਸ਼ਤਿਹਾਰਾਂ ਨੂੰ ਲੈ ਕੇ ਪਹਿਲਾਂ ਵੀ ਵੱਡੇ ਸਿਤਾਰਿਆਂ ਦੀ ਜਨਤਕ ਆਲੋਚਨਾ ਹੋ ਚੁੱਕੀ ਹੈ। ਆਇਰਿਸ਼-ਅਮਰੀਕੀ ਅਦਾਕਾਰ ਪੀਅਰਸ ਬ੍ਰੌਸਨਨ ਨੇ 2016 ਵਿੱਚ ਇੱਕ ਪਾਨ ਮਸਾਲਾ ਇਸ਼ਤਿਹਾਰ ‘ਤੇ ਵਿਵਾਦ ਤੋਂ ਬਾਅਦ ਮੁਆਫ਼ੀ ਮੰਗੀ ਸੀ। ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਨੂੰ ਲੱਗਿਆ ਸੀ ਕਿ ਇਹ ਉਤਪਾਦ ਮਾਊਥ ਫ੍ਰੈਸ਼ਨਰ ਜਾਂ ਦੰਦ ਚਮਕਾਉਣ ਵਾਲੀ ਚੀਜ਼ ਹੈ।

ਆਇਰਿਸ਼-ਅਮਰੀਕੀ ਅਦਾਕਾਰ ਪੀਅਰਸ ਬ੍ਰੌਸਨਨ ਨੇ 2016 ਵਿੱਚ ਇੱਕ ਪਾਨ ਮਸਾਲਾ ਇਸ਼ਤਿਹਾਰ ਨੂੰ ਲੈ ਕੇ ਹੋਏ ਵਿਵਾਦ ਤੋਂ ਬਾਅਦ ਮੁਆਫ਼ੀ ਮੰਗੀ ਸੀ।

ਕਾਨੂੰਨ ਕੁਝ ਉਤਪਾਦਾਂ ਦੇ ਇਸ਼ਤਿਹਾਰਾਂ ‘ਤੇ ਰੋਕ ਲਗਾਉਂਦੇ ਹਨ, ਪਰ ਕੰਪਨੀਆਂ ਕਹਿ ਸਕਦੀਆਂ ਹਨ ਕਿ ਉਹ ਕਿਸੇ ਹੋਰ ਕਾਨੂੰਨੀ ਉਤਪਾਦ ਦਾ ਪ੍ਰਚਾਰ ਕਰ ਰਹੀਆਂ ਹਨ। ਫਿਰ ਇਹ ਤੈਅ ਕਰਨਾ ਪੈਂਦਾ ਹੈ ਕਿ ਉਹ ਅਸਲ ਵਿੱਚ ਕਿਸੇ ਵੱਖਰੇ ਉਤਪਾਦ ਦਾ ਇਸ਼ਤਿਹਾਰ ਹੈ ਜਾਂ ਪਾਬੰਦੀਸ਼ੁਦਾ ਉਤਪਾਦ ਦੀ ਲੁਕਵੀਂ ਬ੍ਰਾਂਡਿੰਗ। ਰੈਗੂਲੇਟਰੀ ਸੰਸਥਾ ਨੂੰ ਸਬੂਤਾਂ ਅਤੇ ਨਿਯਮਾਂ ਦੇ ਆਧਾਰ ‘ਤੇ ਕਾਰਵਾਈ ਕਰਨੀ ਪੈਂਦੀ ਹੈ। ਉਹ ਨੋਟਿਸ ਜਾਰੀ ਕਰ ਸਕਦੀ ਹੈ, ਜਵਾਬ ਮੰਗ ਸਕਦੀ ਹੈ ਜਾਂ ਇਸ਼ਤਿਹਾਰ ਦੀ ਜਾਂਚ ਕਰ ਸਕਦੀ ਹੈ। ਪਰ ਕਿਸੇ ਇਸ਼ਤਿਹਾਰ ਨੂੰ ਰੋਕਣ ਜਾਂ ਜੁਰਮਾਨਾ ਲਗਾਉਣ ਦੀ ਪ੍ਰਕਿਰਿਆ ਵਿੱਚ ਇਹ ਦੇਖਣਾ ਪੈਂਦਾ ਹੈ ਕਿ ਕਿਹੜਾ ਕਾਨੂੰਨ ਲਾਗੂ ਹੁੰਦਾ ਹੈ।

ਇਸ਼ਤਿਹਾਰ ਕਿਸ ਮਾਧਿਅਮ ‘ਤੇ ਚਲਾਇਆ ਗਿਆ ਅਤੇ ਇਸ ਨਾਲ ਜੁੜੀਆਂ ਧਿਰਾਂ ਦੀ ਭੂਮਿਕਾ ਕੀ ਸੀ? ਕਈ ਵਾਰ ਕਾਰਵਾਈ ਅਤੇ ਅੰਤਿਮ ਫ਼ੈਸਲੇ ਵਿਚਕਾਰ ਸਮਾਂ ਲੱਗ ਜਾਂਦਾ ਹੈ। ਵੱਖ-ਵੱਖ ਸੂਬਿਆਂ ਦੇ ਨਿਯਮ ਅਤੇ ਉਤਪਾਦਾਂ ‘ਤੇ ਲੱਗੀਆਂ ਪਾਬੰਦੀਆਂ ਵੀ ਇੱਕੋ ਜਿਹੀਆਂ ਨਹੀਂ ਹੁੰਦੀਆਂ। ਦੂਜੇ ਪਾਸੇ, ਕੰਪਨੀਆਂ ਆਪਣੇ ਇਸ਼ਤਿਹਾਰ ਨੂੰ ਬ੍ਰਾਂਡ ਐਕਸਟੈਂਸ਼ਨ ਜਾਂ ਕਿਸੇ ਵੱਖਰੇ ਉਤਪਾਦ ਦਾ ਪ੍ਰਚਾਰ ਦੱਸਦੀਆਂ ਹਨ। ਇਸੇ ਲਈ ਹਰ ਵਿਵਾਦ ਵਿੱਚ ਫ਼ੈਸਲਾ ਸਿਰਫ਼ ਇਸ਼ਤਿਹਾਰ ਦੇਖ ਕੇ ਨਹੀਂ ਕੀਤਾ ਜਾਂਦਾ।

**ਇਲਾਇਚੀ, ਮਿਨਰਲ ਵਾਟਰ ਦੇ ਇਸ਼ਤਿਹਾਰਾਂ ਰਾਹੀਂ ਪਾਨ ਮਸਾਲਾ-ਸ਼ਰਾਬ ਦਾ ਪ੍ਰਚਾਰ, ਕਿੰਨਾ ਵੱਡਾ ਹੈ ਕਾਰੋਬਾਰ? ਰਾਸ਼ਟਰਪਤੀ ਨੇ ਦਿੱਤੀ ਦੂਰ ਰਹਿਣ ਦੀ ਨਸੀਹਤ (ਜਾਰੀ)**

ਉਤਪਾਦ ਦੀ ਉਪਲਬਧਤਾ, ਪੈਕੇਜਿੰਗ, ਬਾਜ਼ਾਰ ਦੀ ਸਥਿਤੀ ਅਤੇ ਇਸ਼ਤਿਹਾਰ ਦੀ ਭਾਸ਼ਾ ਵਰਗੇ ਪਹਿਲੂਆਂ ਦੀ ਜਾਂਚ ਕਰਨੀ ਜ਼ਰੂਰੀ ਹੁੰਦੀ ਹੈ।

ਹਾਲ ਹੀ ਵਿੱਚ ਇੱਕ ਮਸ਼ਹੂਰ ਕੰਪਨੀ ਦੀ ਇਲਾਇਚੀ ਦੇ ਪ੍ਰਚਾਰ ਨੂੰ ਲੈ ਕੇ ਮਹਾਰਾਸ਼ਟਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਵੱਲੋਂ ਸ਼ਾਹਰੁਖ ਖ਼ਾਨ, ਅਜੇ ਦੇਵਗਨ ਅਤੇ ਟਾਈਗਰ ਸ਼ਰੌਫ਼ ਨੂੰ ਨੋਟਿਸ ਦਿੱਤੇ ਜਾਣ ਦੀਆਂ ਖ਼ਬਰਾਂ ਸਾਹਮਣੇ ਆਈਆਂ ਸਨ। ਇਹ ਨੋਟਿਸ ਦੋਸ਼ਾਂ ਅਤੇ ਜਵਾਬ ਮੰਗਣ ਦੀ ਪ੍ਰਕਿਰਿਆ ਦਾ ਹਿੱਸਾ ਹੈ, ਆਪਣੇ ਆਪ ਵਿੱਚ ਅੰਤਿਮ ਦੋਸ਼-ਸਿੱਧੀ ਨਹੀਂ।

ਅਜੇ ਦੇਵਗਨ, ਸ਼ਾਹਰੁਖ ਖ਼ਾਨ ਅਤੇ ਟਾਈਗਰ ਸ਼ਰੌਫ਼ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ।

ਭਾਰਤ ਵਿੱਚ ਪਾਨ ਮਸਾਲਾ ਬਾਜ਼ਾਰ ਦੇ ਆਕਾਰ ਨੂੰ ਲੈ ਕੇ ਵੱਖ-ਵੱਖ ਅੰਕੜੇ ਮਿਲਦੇ ਹਨ। ਇਹ ਫ਼ਰਕ ਇਸ ਗੱਲ ‘ਤੇ ਨਿਰਭਰ ਕਰਦਾ ਹੈ ਕਿ ਅਨੁਮਾਨ ਵਿੱਚ ਕਿਹੜੇ ਉਤਪਾਦਾਂ ਨੂੰ ਸ਼ਾਮਲ ਕੀਤਾ ਗਿਆ ਹੈ ਅਤੇ ਗਣਨਾ ਕਿਸ ਸਾਲ ਦੀ ਹੈ। ਇੱਕ ਅਨੁਮਾਨ ਮੁਤਾਬਕ ਸਾਲ 2025 ਵਿੱਚ ਇਸ ਦਾ ਮੁੱਲ ਕਰੀਬ 5 ਅਰਬ ਡਾਲਰ, ਯਾਨੀ ਲਗਭਗ 48 ਹਜ਼ਾਰ ਕਰੋੜ ਰੁਪਏ ਦੱਸਿਆ ਗਿਆ ਹੈ। ਇਹ ਵੀ ਯਾਦ ਰੱਖਣਾ ਜ਼ਰੂਰੀ ਹੈ ਕਿ ਪਾਨ ਮਸਾਲਾ ਅਤੇ ਤੰਬਾਕੂ ਵਾਲੇ ਗੁਟਖੇ ਨੂੰ ਇੱਕੋ ਚੀਜ਼ ਨਹੀਂ ਮੰਨਣਾ ਚਾਹੀਦਾ। ਇਨ੍ਹਾਂ ਦੀ ਸਮੱਗਰੀ ਅਤੇ ਕਾਨੂੰਨੀ ਸਥਿਤੀ ਵੱਖ-ਵੱਖ ਹੋ ਸਕਦੀ ਹੈ। ਕੁਝ ਸੂਬਿਆਂ ਵਿੱਚ ਫੂਡ ਸੇਫਟੀ ਨਿਯਮਾਂ ਤਹਿਤ ਤੰਬਾਕੂ ਜਾਂ ਨਿਕੋਟੀਨ ਵਾਲੇ ਗੁਟਖੇ ਅਤੇ ਪਾਨ ਮਸਾਲੇ ‘ਤੇ ਪਾਬੰਦੀ ਲਗਾਈ ਜਾਂਦੀ ਹੈ। ਇਸ ਲਈ ਪੂਰੇ ਦੇਸ਼ ਵਿੱਚ ਇੱਕੋ ਜਿਹੀ ਪਾਬੰਦੀ ਦੀ ਵਿਵਸਥਾ ਨਹੀਂ ਹੈ। ਇਸ ਮਾਮਲੇ ਵਿੱਚ ਜ਼ਿਆਦਾਤਰ ਸੂਬਾ ਸਰਕਾਰਾਂ ਦੇ ਕਾਨੂੰਨ ਲਾਗੂ ਹੁੰਦੇ ਹਨ।

ਸ਼ਰਾਬ ਦੇ ਬਾਜ਼ਾਰ ਦਾ ਆਕਾਰ ਵੀ ਗਣਨਾ ਦੇ ਤਰੀਕੇ ‘ਤੇ ਨਿਰਭਰ ਕਰਦਾ ਹੈ। ਇਸ ਵਿੱਚ ਬੀਅਰ, ਸਪਿਰਿਟ, ਦੇਸੀ ਸ਼ਰਾਬ, ਵਾਈਨ ਅਤੇ ਹੋਰ ਉਤਪਾਦ ਸ਼ਾਮਲ ਕੀਤੇ ਜਾਣ ਜਾਂ ਨਾ ਕੀਤੇ ਜਾਣ ਨਾਲ ਕੁੱਲ ਰਕਮ ਬਦਲ ਜਾਂਦੀ ਹੈ। ਬਾਜ਼ਾਰ ਖੋਜ ਦੇ ਇੱਕ ਅਨੁਮਾਨ ਵਿੱਚ ਭਾਰਤੀ ਸ਼ਰਾਬ ਉਦਯੋਗ ਦਾ 2024 ਦਾ ਰੈਵਨਿਊ ਕਰੀਬ 52.7 ਅਰਬ ਡਾਲਰ ਦੱਸਿਆ ਗਿਆ ਹੈ। ਇਹ ਬਾਜ਼ਾਰ ਦੇ ਰੈਵਨਿਊ ਦਾ ਅਨੁਮਾਨ ਹੈ, ਸਰਕਾਰੀ ਟੈਕਸ ਆਮਦਨ ਨਹੀਂ। ਸ਼ਰਾਬ ਤੋਂ ਸੂਬਿਆਂ ਨੂੰ ਐਕਸਾਈਜ਼ ਟੈਕਸ ਦੇ ਰੂਪ ਵਿੱਚ ਵੱਡੀ ਆਮਦਨ ਹੁੰਦੀ ਹੈ। ਸ਼ਰਾਬ ਦੀ ਵਿਕਰੀ ਨਾਲ ਜੁੜੇ ਨਿਯਮ, ਲਾਇਸੈਂਸ ਅਤੇ ਟੈਕਸ ਸੂਬੇ ਦੇ ਅਨੁਸਾਰ ਵੱਖ-ਵੱਖ ਹੁੰਦੇ ਹਨ।

ਸਰੋਗੇਟ ਇਸ਼ਤਿਹਾਰ ਦੀ ਬਹਿਸ ਸਿਰਫ਼ ਕਾਨੂੰਨੀ ਤਕਨੀਕ ਤੱਕ ਸੀਮਤ ਨਹੀਂ ਹੈ। ਇਸ ਦਾ ਸਬੰਧ ਜਨਤਕ ਸਿਹਤ ਅਤੇ ਖਪਤਕਾਰ ਦੀ ਸਮਝ ਨਾਲ ਵੀ ਹੈ। ਜੇਕਰ ਇਸ਼ਤਿਹਾਰ ਕਿਸੇ ਹੋਰ ਉਤਪਾਦ ਦੇ ਨਾਮ ‘ਤੇ ਚਲਾਇਆ ਜਾਂਦਾ ਹੈ, ਪਰ ਦਰਸ਼ਕ ਨੂੰ ਵਾਰ-ਵਾਰ ਉਹੀ ਤੰਬਾਕੂ ਜਾਂ ਸ਼ਰਾਬ ਵਾਲਾ ਬ੍ਰਾਂਡ ਯਾਦ ਆਉਂਦਾ ਹੈ, ਤਾਂ ਇਹ ਪੁੱਛਣਾ ਸੁਭਾਵਿਕ ਹੈ ਕਿ ਪ੍ਰਚਾਰ ਦਾ ਅਸਲ ਟੀਚਾ ਕੀ ਹੈ। ਇਸ ਲਈ ਸਪੱਸ਼ਟ ਨਿਯਮਾਂ ਅਤੇ ਉਨ੍ਹਾਂ ਨੂੰ ਬਰਾਬਰ ਤਰੀਕੇ ਨਾਲ ਲਾਗੂ ਕਰਨ ਦੀ ਲੋੜ ਹੈ। ਇਸ਼ਤਿਹਾਰ ਵਿੱਚ ਦਿਖਾਏ ਜਾ ਰਹੇ ਉਤਪਾਦ ਦੀ ਅਸਲ ਮੌਜੂਦਗੀ, ਵਿਕਰੀ ਅਤੇ ਪੇਸ਼ਕਾਰੀ ਦੀ ਜਾਂਚ ਹੋਣੀ ਚਾਹੀਦੀ ਹੈ। ਸੈਲੇਬ੍ਰਿਟੀਜ਼ ਨੂੰ ਵੀ ਆਪਣੇ ਨਾਮ ਅਤੇ ਚਿਹਰੇ ਦੀ ਵਰਤੋਂ ਤੋਂ ਪਹਿਲਾਂ ਉਤਪਾਦ ਅਤੇ ਬ੍ਰਾਂਡ ਬਾਰੇ ਪੂਰੀ ਜਾਣਕਾਰੀ ਲੈਣੀ ਚਾਹੀਦੀ ਹੈ। ਦਰਸ਼ਕਾਂ ਨੂੰ ਵੀ ਇਹ ਸਮਝਣਾ ਚਾਹੀਦਾ ਹੈ ਕਿ ਆਕਰਸ਼ਕ ਇਸ਼ਤਿਹਾਰ ਕਿਸੇ ਉਤਪਾਦ ਨੂੰ ਸੁਰੱਖਿਅਤ ਜਾਂ ਸਿਹਤਮੰਦ ਸਾਬਤ ਨਹੀਂ ਕਰਦਾ।

ਕਈ ਨਿਯਮ-ਕਾਨੂੰਨ ਅਤੇ ਏਜੰਸੀਆਂ ਹੋਣ ਦੇ ਬਾਵਜੂਦ ਅੱਜ ਤੱਕ ਦੇਸ਼ ਵਿੱਚ ਕਿਸੇ ਵੀ ਮਸ਼ਹੂਰ ਹਸਤੀ ਨੂੰ ਸਜ਼ਾ ਮਿਲਣ ਦੀ ਜਾਣਕਾਰੀ ਸਾਹਮਣੇ ਨਹੀਂ ਆਈ ਹੈ। ਫ਼ਿਲਮ ਅਦਾਕਾਰ ਅਮਿਤਾਭ ਬੱਚਨ ਨੇ ਖੁਦ ਪਾਨ ਮਸਾਲਾ ਦਾ ਇਸ਼ਤਿਹਾਰ ਛੱਡ ਦਿੱਤਾ ਸੀ। ਉਨ੍ਹਾਂ ਨੂੰ ਕਿਸੇ ਨੇ ਅਜਿਹਾ ਕਰਨ ਲਈ ਨਹੀਂ ਕਿਹਾ ਸੀ। ਇਲਾਇਚੀ ਦੇ ਇਸ਼ਤਿਹਾਰ ਦੇ ਮਾਮਲੇ ਵਿੱਚ ਫ਼ਿਲਮ ਅਦਾਕਾਰ ਸ਼ਾਹਰੁਖ ਖ਼ਾਨ, ਅਜੇ ਦੇਵਗਨ ਅਤੇ ਟਾਈਗਰ ਸ਼ਰੌਫ਼ ਨੂੰ ਨੋਟਿਸ ਦਿੱਤੇ ਜਾਣ ਦੀ ਜਾਣਕਾਰੀ ਸੁਰਖੀਆਂ ਵਿੱਚ ਰਹੀ, ਪਰ ਇਸ ਤੋਂ ਅੱਗੇ ਕੀ ਹੋਇਆ? ਇਸ ਬਾਰੇ ਜਾਣਕਾਰੀ ਪਬਲਿਕ ਡੋਮੇਨ ਵਿੱਚ ਉਪਲਬਧ ਨਹੀਂ ਹੈ। ਇਹ ਇਸ਼ਤਿਹਾਰ ਅਜੇ ਵੀ ਕਈ ਮਾਧਿਅਮਾਂ ਰਾਹੀਂ ਪ੍ਰਸਾਰਿਤ ਹੋ ਰਿਹਾ ਹੈ।

ਇਲਾਇਚੀ: ਇੱਕ ਮਸ਼ਹੂਰ ਬ੍ਰਾਂਡ ਦੇ ਇਲਾਇਚੀ ਦੇ ਇਸ਼ਤਿਹਾਰ ਵਿੱਚ ਉਹੀ ਬ੍ਰਾਂਡ ਨਾਮ ਅਤੇ ਪਛਾਣ ਦਿਖਾਈ ਦਿੰਦੀ ਹੈ, ਜੋ ਪਾਨ ਮਸਾਲਾ ਨਾਲ ਵੀ ਜੁੜੀ ਹੋਈ ਹੈ। ਪਾਨ ਮਸਾਲਾ ਬਣਾਉਣ ਵਾਲੀਆਂ ਕੰਪਨੀਆਂ ਇਨ੍ਹਾਂ ਨੂੰ ਮਾਊਥ ਫ੍ਰੈਸ਼ਨਰ ਜਾਂ ਇਲਾਇਚੀ ਦੇ ਨਾਮ ਨਾਲ ਪ੍ਰਮੋਟ ਕਰਦੀਆਂ ਹਨ। ਆਲੋਚਕਾਂ ਦਾ ਕਹਿਣਾ ਹੈ ਕਿ ਅਜਿਹੇ ਇਸ਼ਤਿਹਾਰਾਂ ਰਾਹੀਂ ਪਾਨ ਮਸਾਲਾ ਬ੍ਰਾਂਡ ਦੀ ਪਛਾਣ ਬਣੀ ਰਹਿੰਦੀ ਹੈ ਅਤੇ ਕੰਪਨੀ ਨੂੰ ਕਾਰੋਬਾਰ ਵਿੱਚ ਵੱਡਾ ਮੁਨਾਫ਼ਾ ਹੁੰਦਾ ਹੈ।

ਸੋਡਾ: ਸੋਡਾ ਦੇ ਇਸ਼ਤਿਹਾਰ ਵਿੱਚ ਇੱਕ ਮਸ਼ਹੂਰ ਬ੍ਰਾਂਡ ਅਤੇ ਉਸ ਨਾਲ ਜੁੜੀ ਪਛਾਣ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਕਾਰਨ ਇਸ ਨੂੰ ਸ਼ਰਾਬ ਦੇ ਬ੍ਰਾਂਡ ਦੇ ਅਪ੍ਰਤੱਖ ਪ੍ਰਚਾਰ ਦੀ ਉਦਾਹਰਨ ਦੱਸਿਆ ਜਾਂਦਾ ਹੈ।

ਪੈਕਡ ਵਾਟਰ: ਪਾਣੀ ਦੇ ਇਸ਼ਤਿਹਾਰਾਂ ਵਿੱਚ ਨਾਮ ਦਿਖਾਈ ਦਿੰਦਾ ਹੈ। ਇਹ ਨਾਮ ਬੀਅਰ ਬ੍ਰਾਂਡ ਨਾਲ ਵੀ ਜੁੜਿਆ ਹੋਇਆ ਹੈ, ਇਸ ਲਈ ਅਜਿਹੇ ਇਸ਼ਤਿਹਾਰਾਂ ਨੂੰ ਲੈ ਕੇ ਸਰੋਗੇਟ ਪ੍ਰਚਾਰ ਦੀ ਬਹਿਸ ਹੁੰਦੀ ਰਹੀ ਹੈ।

ਮਿਊਜ਼ਿਕ: ਸੰਗੀਤ ਅਤੇ ਮਨੋਰੰਜਨ ਨਾਲ ਜੁੜੇ ਪ੍ਰਚਾਰ ਵਿੱਚ ਇੱਕ ਮਸ਼ਹੂਰ ਸ਼ਰਾਬ ਕੰਪਨੀ ਦੇ ਨਾਮ ਦੀ ਵਰਤੋਂ ਕੀਤੀ ਗਈ ਹੈ। ਆਲੋਚਕਾਂ ਮੁਤਾਬਕ ਇਸ ਨਾਲ ਵਿਸਕੀ ਬ੍ਰਾਂਡ ਦੀ ਪਛਾਣ ਲੋਕਾਂ ਦੇ ਮਨ ਵਿੱਚ ਬਣੀ ਰਹਿ ਸਕਦੀ ਹੈ।

ਸੋਡਾ: ਸੋਡਾ ਦੇ ਇਸ਼ਤਿਹਾਰਾਂ ਵਿੱਚ ਬ੍ਰਾਂਡ ਦਾ ਨਾਮ ਅਤੇ ਪਛਾਣ ਦਿਖਾਈ ਜਾਂਦੀ ਹੈ।

**ਇਲਾਇਚੀ, ਮਿਨਰਲ ਵਾਟਰ ਦੇ ਇਸ਼ਤਿਹਾਰਾਂ ਰਾਹੀਂ ਪਾਨ ਮਸਾਲਾ-ਸ਼ਰਾਬ ਦਾ ਪ੍ਰਚਾਰ, ਕਿੰਨਾ ਵੱਡਾ ਹੈ ਕਾਰੋਬਾਰ? ਰਾਸ਼ਟਰਪਤੀ ਨੇ ਦਿੱਤੀ ਦੂਰ ਰਹਿਣ ਦੀ ਨਸੀਹਤ (ਜਾਰੀ)**

ਇਸ ਕਾਰਨ ਇਸ ਨੂੰ ਸ਼ਰਾਬ ਦੇ ਬ੍ਰਾਂਡ ਦੇ ਅਪ੍ਰਤੱਖ ਪ੍ਰਚਾਰ ਦੀ ਉਦਾਹਰਨ ਵਜੋਂ ਚਰਚਾ ਵਿੱਚ ਰੱਖਿਆ ਜਾਂਦਾ ਹੈ।

**ਦੇਸ਼**

## ਕੀ ਨਸ਼ੇ ਲਈ ਖ਼ੂਨ ਸਾਂਝਾ ਕਰਨ ਦਾ ਰੁਝਾਨ ਐੱਚਆਈਵੀ ਸੰਕਟ ਨੂੰ ਵਧਾ ਰਿਹਾ ਹੈ? - ਪੰਜਾਬੀ

ਪਿਛਲੇ ਹਫਤੇ ਫਿਜੀ ਵਿੱਚ ਰਾਸ਼ਟਰੀ ਐਮਰਜੈਂਸੀ ਐਲਾਨ ਕੇ ਇਸ ਨੂੰ ਦੁਨੀਆਂ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਐਚਆਈਵੀ ਮਹਾਂਮਾਰੀ ਦੇ ਕੇਂਦਰ ਵਜੋਂ ਚਿੰਨ੍ਹਿਤ ਕਰ ਦਿੱਤਾ ਗਿਆ।

ਇਹ ਇੱਕ ਸਖ਼ਤ ਚੇਤਾਵਨੀ ਸੀ ਕਿ ਵਿਸ਼ਵਵਿਆਪੀ ਤਰੱਕੀ ਦੇ ਬਾਵਜੂਦ ਐਚਆਈਵੀ ਅਤੇ ਏਡਜ਼ ਕੁਝ ਖੇਤਰਾਂ ਵਿੱਚ ਇੱਕ ਵੱਡਾ ਖ਼ਤਰਾ ਬਣੇ ਹੋਏ ਹਨ ਅਤੇ ਇਸ ਦਾ ਫੈਲਾਅ ਤੇਜ਼ੀ ਨਾਲ ਬੇਕਾਬੂ ਹੋ ਸਕਦਾ ਹੈ।

ਪ੍ਰਸ਼ਾਂਤ ਮਹਾਂਸਾਗਰ ਦੇ ਇਸ ਟਾਪੂ ਸਮੂਹ ਵਿੱਚ ਹੁਣ ਲਗਭਗ ਸੱਠ ਬਾਲਗਾਂ ਵਿੱਚੋਂ ਇੱਕ ਇਸ ਵਾਇਰਸ ਨਾਲ ਪੀੜਤ ਹੈ ਜਦ ਕਿ ਪੰਜ ਸਾਲ ਪਹਿਲਾਂ ਇਹ ਅੰਕੜਾ 167 ਵਿੱਚੋਂ ਇੱਕ ਸੀ। ਸੰਯੁਕਤ ਰਾਸ਼ਟਰ ਦੀ ਏਡਜ਼ ਸੰਸਥਾ ਯੂਨੀਏਡਜ਼ ਮੁਤਾਬਕ ਦੁਨੀਆਂ ਭਰ ਵਿੱਚ ਲਗਭਗ 4.1 ਕਰੋੜ ਲੋਕਾਂ ਦੇ ਐਚਆਈਵੀ ਤੋਂ ਪੀੜਤ ਹੋਣ ਦਾ ਅਨੁਮਾਨ ਹੈ।

ਇਸ ਤਾਜ਼ਾ ਸੰਕਟ ਨੂੰ ਨਸ਼ਾ ਕਰਨ ਵਾਲੀਆਂ ਸੂਈਆਂ ਸਾਂਝੀਆਂ ਕਰਨ ਦੇ ਇੱਕ ਚਿੰਤਾਜਨਕ ਰੁਝਾਨ ਨੇ ਹੋਰ ਵਧਾ ਰਿਹਾ ਹੈ, ਜਿਸ ਨੂੰ 'ਬਲੂਟੂਥਿੰਗ' ਕਿਹਾ ਜਾਂਦਾ ਹੈ।

ਇਸ ਵਿੱਚ ਉਸ ਵਿਅਕਤੀ ਦੇ ਸਰੀਰ ਵਿੱਚੋਂ ਖ਼ੂਨ ਕੱਢਣਾ ਸ਼ਾਮਲ ਹੈ ਜਿਸ ਨੇ ਪਹਿਲਾਂ ਹੀ ਨਸ਼ਾ ਲਿਆ ਹੋਵੇ ਅਤੇ ਫਿਰ ਉਸ ਖ਼ੂਨ ਨੂੰ ਦੂਜੇ ਵਿਅਕਤੀ ਦੇ ਸਰੀਰ ਵਿੱਚ ਟੀਕੇ ਰਾਹੀਂ ਲਾਉਣਾ ਸ਼ਾਮਲ ਹੈ ਤਾਂ ਜੋ ਉਸ ਨੂੰ ਵੀ ਨਸ਼ਾ ਹੋ ਸਕੇ। ਨਸ਼ਾ ਕਰਨ ਵਾਲੇ ਮੰਨਦੇ ਹਨ ਕਿ ਨਸਾਂ ਰਾਹੀਂ ਲਏ ਜਾਣ ਵਾਲੇ ਨਸ਼ਿਆਂ ਨੂੰ ਇਸ ਤਰ੍ਹਾਂ ਵਰਤਣਾ ਪੈਸੇ ਬਚਾਉਣ ਦਾ ਇੱਕ ਤਰੀਕਾ ਹੈ।

ਅਜਿਹਾ ਲਿਸੋਥੋ, ਜ਼ਿੰਬਾਵੇ ਅਤੇ ਦੱਖਣੀ ਅਫ਼ਰੀਕਾ ਜਿਹੇ ਅਫਰੀਕਨ ਦੇਸ਼ਾਂ ਵਿੱਚ ਵੀ ਦੇਖਣ ਨੂੰ ਮਿਲਦਾ ਹੈ।

ਇਹ ਕਿੰਨਾ ਫੈਲਿਆ ਹੋਇਆ ਹੈ ਅਤੇ ਫਿਜੀ ਦੇ ਸੰਕਟ ਲਈ ਇਸ ਨੂੰ ਕਿੰਨਾ ਕੁ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ, ਇਸ ਬਾਰੇ ਵਿਵਾਦ ਹੈ। ਪਰ ਸਮਾਜਿਕ ਵਰਕਰਾਂ ਦਾ ਕਹਿਣਾ ਹੈ ਕਿ ਇਹ ਇੱਕ ਅਸਲ ਸਮੱਸਿਆ ਹੈ ਅਤੇ ਉਹ ਵਿਸ਼ਵ ਪੱਧਰ 'ਤੇ ਸਰਕਾਰਾਂ ਅਤੇ ਸਿਹਤ ਸੰਸਥਾਵਾਂ ਨੂੰ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਣ ਦੀ ਅਪੀਲ ਕਰ ਰਹੇ ਹਨ।

ਡਰੱਗ ਫ੍ਰੀ ਫਿਜੀ ਨਾਮੀ ਐਨਜੀਓ ਦੀ ਕਾਰਜਕਾਰੀ ਨਿਰਦੇਸ਼ਕ ਕਾਲੇਸੀ ਵੋਲਤਾਬੂ ਕਹਿੰਦੇ ਹਨ, "ਇਸ ਤੋਂ ਪਹਿਲਾਂ ਕਿ ਅਸੀਂ ਅਸਲ ਵਿੱਚ ਕੁਝ ਕਰੀਏ ਸਾਨੂੰ ਹੋਰ ਕਿੰਨੀਆਂ ਜਾਨਾਂ ਗਵਾਉਣੀਆਂ ਪੈਣਗੀਆਂ ?"

ਐਚਆਈਵੀ, ਖ਼ੂਨ ਰਾਹੀਂ ਫੈਲਣ ਵਾਲੀ ਬਿਮਾਰੀ ਹੈ ਇਸ ਲਈ ਨਸ਼ੇ ਵਾਲੇ ਖ਼ੂਨ ਨੂੰ ਟਰਾਂਸਫ਼ਰ ਕਰਨ ਦੀ ਪ੍ਰਕਿਰਿਆ ਦਾ ਮਤਲਬ ਹੈ ਕਿ ਸੂਈਆਂ ਸਾਂਝੀਆਂ ਕਰਨ ਵਾਲੇ ਲੋਕ ਖੁਦ ਨੂੰ ਵੀ ਇਸ ਵਾਇਰਸ ਦੇ ਫੈਲਣ ਦੇ ਜੋਖ਼ਮ ਵਿੱਚ ਪਾਉਂਦੇ ਹਨ।

ਵਿਸ਼ਵ ਸਿਹਤ ਸੰਗਠਨ ਦਾ ਕਹਿਣਾ ਹੈ ਕਿ ਇਹ ਰੁਝਾਨ ਦੂਜੀਆਂ ਇਨਫੈਕਸ਼ਨਾਂ ਜਿਵੇਂ ਕਿ ਹੈਪੇਟਾਈਟਿਸ ਬੀ ਅਤੇ ਸੀ ਦੇ ਨਾਲ-ਨਾਲ ਗੰਭੀਰ ਬੈਕਟੀਰੀਅਲ ਇਨਫੈਕਸ਼ਨਾਂ ਫੈਲਣ ਦਾ ਵੀ ਖਤਰਾ ਪੈਦਾ ਕਰਦਾ ਹੈ।

ਫਿਜੀ ਵਿੱਚ ਸੂਈਆਂ ਸਾਂਝੀਆਂ ਕਰਨਾ ਇੱਕ ਆਮ ਰੁਝਾਨ ਹੈ ਜਿੱਥੇ ਨਸ਼ਾ ਕਰਨ ਵਾਲਿਆਂ ਲਈ ਟੀਕੇ ਲਾਉਣ ਵਾਲੇ ਸਟਰਾਈਲ ਉਪਕਰਨਾਂ ਤੱਕ ਪਹੁੰਚ ਮੁਸ਼ਕਲ ਹੋ ਸਕਦੀ ਹੈ। ਪਰ ਬਲੂਟੂਥਿੰਗ ਦੇ ਆਉਣ ਨਾਲ ਇਹ ਪਤਾ ਲੱਗਦਾ ਹੈ ਕਿ ਗਰੀਬੀ ਇਸ ਖ਼ਤਰਨਾਕ ਰੁਝਾਨ ਪਿਛਲੇ ਮੁੱਖ ਕਾਰਨਾਂ ਵਿੱਚੋਂ ਇੱਕ ਹੈ।

ਵੋਲਤਾਬੂ ਦਾ ਕਹਿਣਾ ਹੈ ਕਿ ਜਦੋਂ ਉਸ ਨੇ ਪਹਿਲੀ ਵਾਰ ਅਜਿਹਾ ਹੁੰਦਾ ਦੇਖਿਆ ਤਾਂ ਉਹ ਹੈਰਾਨ ਰਹਿ ਗਈ ਸੀ।

ਉਨ੍ਹਾਂ ਨੇ ਬੀਬੀਸੀ ਵਰਲਡ ਸਰਵਿਸ ਨੂੰ ਦੱਸਿਆ, "ਪੰਜ ਛੇ ਲੋਕ ਉਹ ਇੰਜੈਕਸ਼ਨ ਲੈਣ ਲਈ ਤਿਆਰ ਖੜ੍ਹੇ ਸਨ। ਅਤੇ ਉਹ ਪੰਜ ਹੋਰ ਲੋਕਾਂ ਨੂੰ ਇਨਫੈਕਟ ਕਰ ਸਕਦੇ ਹਨ। ਇਸ ਲਈ ਅਸਲ ਵਿੱਚ ਸਿਰਫ਼ ਪੰਜ ਲੋਕਾਂ ਤੋਂ ਤੁਹਾਡੇ ਕੋਲ 25-30 ਲੋਕ ਹੋ ਜਾਂਦੇ ਹਨ ਅਤੇ ਇਹ ਇੰਨਾ ਅਸਾਨ ਹੈ।"

ਫਿਜੀ ਦੇ ਸਿਹਤ ਮੰਤਰਾਲੇ ਨੇ 2024 ਵਿੱਚ ਇਸ ਰੁਝਾਨ ਨੂੰ ਦੇਸ਼ ਵਿਚ ਐਚਆਈਵੀ ਮਾਮਲੇ ਵਧਣ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਵਜੋਂ ਮੰਨਿਆ ਸੀ। ਜਨਵਰੀ ਵਿੱਚ ਇਸ ਨੇ ਐਚਆਈਵੀ ਦੇ ਫੈਲਾਅ ਨੂੰ ਇੱਕ ਰਾਸ਼ਟਰੀ ਸੰਕਟ ਵਜੋਂ ਦਰਸਾਇਆ ਸੀ ਅਤੇ ਕਿਹਾ ਸੀ ਕਿ ਉਹ ਆਪਣੀ ਪ੍ਰਤੀਕਿਰਿਆ ਦੇ ਹਿੱਸੇ ਵਜੋਂ ਇੱਕ ਸਰਿੰਜ ਅਤੇ ਸੂਈ ਪ੍ਰੋਗਰਾਮ ਸ਼ੁਰੂ ਕਰੇਗਾ।

ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ ਪਿਛਲੇ ਸਾਲ ਦਸੰਬਰ ਵਿਚ ਕੀਤੇ ਗਏ ਇਕ ਮੁਲਾਂਕਣ ਤੋਂ ਬਾਅਦ ਅਜਿਹੇ ਬਹੁਤ ਘੱਟ ਸਬੂਤ ਮਿਲੇ ਹਨ ਜੋ ਇਹ ਸੰਕੇਤ ਦੇਣ ਕਿ ਫਿਜੀ ਵਿਚ ਬਲੂਟੂਥਿੰਗ ਵੱਡੇ ਪੱਧਰ 'ਤੇ ਫੈਲੀ ਹੋਈ ਹੈ।

ਇਸ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਨੇ ਨਸ਼ੇ ਦੇ ਟੀਕੇ ਲਾਉਣ ਵਾਲੇ 56 ਲੋਕਾਂ ਦੀ ਇੰਟਰਵਿਊ ਕੀਤੀ ਜਿਨ੍ਹਾਂ ਵਿੱਚੋਂ ਸਿਰਫ਼ ਦੋ ਨੇ ਬਲੂਟੂਥਿੰਗ ਵਿੱਚ ਸ਼ਾਮਲ ਹੋਣ ਦੀ ਗੱਲ ਕਹੀ ਜਦ ਕਿ ਚਾਰ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੇ ਇਸ ਨੂੰ ਸਿੱਧੇ ਤੌਰ 'ਤੇ ਦੇਖਿਆ ਸੀ।

ਪਰ ਵੋਲਤਾਬੂ ਦਾ ਕਹਿਣਾ ਹੈ ਕਿ ਜਦੋਂ ਤੱਕ ਉਸ ਨੇ ਖੁਦ ਆਪਣੀਆਂ ਅੱਖਾਂ ਨਾਲ ਦੇਖ ਨਹੀਂ ਲਿਆ, ਉਹ ਵੀ ਇਹ ਮੰਨਣ ਤੋਂ ਝਿਜਕ ਰਹੀ ਸੀ ਕਿ ਕੋਈ ਅਸਲ ਵਿੱਚ ਅਜਿਹਾ ਕਰ ਰਿਹਾ ਹੈ।

### ਅੱਜ ਦੀ ਤਸਵੀਰ



ਅਵਨੂਰ ਕੌਰ ਗਿੱਲ

**ਕੀ ਨਸ਼ੇ ਲਈ ਖ਼ੂਨ ਸਾਂਝਾ ਕਰਨ ਦਾ ਰੁਝਾਨ ਐੱਚਆਈਵੀ ਸੰਕਟ ਨੂੰ ਵਧਾ ਰਿਹਾ ਹੈ? - ਪੰਜਾਬੀ (ਜਾਰੀ)**

ਉਸ ਦਾ ਇਹ ਵੀ ਮੰਨਣਾ ਹੈ ਕਿ ਨਸਾਂ ਰਾਹੀਂ ਡਰੱਗਜ਼ ਲੈਣ ਨਾਲ ਜੁੜੇ ਸਟਿਗਮਾ ਅਤੇ ਸ਼ਰਮ ਕਾਰਨ ਫਿਜੀ ਦੀ ਸਰਕਾਰ ਇਸ ਮੁੱਦੇ ਨਾਲ ਨਜਿੱਠਣ ਤੋਂ ਝਿਜਕਦੀ ਰਹੀ ਹੈ।

ਉਹ ਕਹਿੰਦੀ ਹੈ, "ਮੈਂ ਜਾਣਦੀ ਸੀ ਕਿ ਸੁਨਾਮੀ ਆ ਰਹੀ ਹੈ। ਤੁਸੀਂ ਉਸ ਥਾਂ ਤੋਂ ਬਚਣਾ ਚਾਹੁੰਦੇ ਸੀ ਜਿੱਥੇ ਅਸੀਂ ਹਾਲੇ ਬੈਠੇ ਹਾਂ।"

ਐਚਆਈਵੀ ਇੱਕ ਅਜਿਹਾ ਵਾਇਰਸ ਹੈ ਜੋ ਬਿਮਾਰੀਆਂ ਨਾਲ ਲੜਨ ਵਾਲੀ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਸਰੀਰ ਦੀ ਰੋਜ਼ਾਨਾ ਇਨਫੈਕਸ਼ਨਜ਼ ਅਤੇ ਬਿਮਾਰੀਆਂ ਨਾਲ ਲੜਨ ਦੀ ਯੋਗਤਾ ਨੂੰ ਕਮਜ਼ੋਰ ਕਰਦਾ ਹੈ।

ਇਹ ਸਰੀਰ ਦੇ ਤਰਲ ਪਦਾਰਥਾਂ ਰਾਹੀਂ ਫੈਲਦਾ ਹੈ, ਅਕਸਰ ਅਸੁਰੱਖਿਅਤ ਜਿਣਸੀ ਸੰਬੰਧਾਂ ਦੌਰਾਨ ਪਰ ਸਰੀਰ 'ਤੇ ਲੱਗੇ ਕੱਟਾਂ ਅਤੇ ਸਾਂਝੀਆਂ ਸੂਈਆਂ ਦੀ ਵਰਤੋਂ ਕਰਕੇ ਨਸ਼ੇ ਦੇ ਟੀਕੇ ਲਾਉਣ ਨਾਲ ਵੀ ਫੈਲਦਾ ਹੈ। ਇਹ ਗਰਭ ਅਵਸਥਾ, ਬੱਚੇ ਦੇ ਜਨਮ ਅਤੇ ਦੁੱਧ ਚੁੰਘਾਉਣ ਦੌਰਾਨ ਮਾਂ ਤੋਂ ਬੱਚੇ ਵਿੱਚ ਵੀ ਜਾ ਸਕਦਾ ਹੈ।

ਏਡਜ਼ ਉਦੋਂ ਹੁੰਦਾ ਹੈ ਜਦੋਂ ਐਚਆਈਵੀ ਵਾਇਰਸ ਵੱਲੋਂ ਰੋਗ ਪ੍ਰਤੀਰੋਧਕ ਪ੍ਰਣਾਲੀ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਉਣ ਬਾਅਦ ਕਈ ਸੰਭਾਵੀ ਜਾਨਲੇਵਾ ਇਨਫੈਕਸ਼ਨ ਅਤੇ ਬਿਮਾਰੀਆਂ ਹਮਲਾ ਕਰਦੀਆਂ ਹਨ।

ਪਿਛਲੇ ਕੁਝ ਦਹਾਕਿਆਂ ਵਿੱਚ ਇਲਾਜ ਦੇ ਵਿਕਲਪਾਂ ਵਿੱਚ ਹੋਈ ਤਰੱਕੀ ਨੇ ਐਚਆਈਵੀ ਨਾਲ ਪੀੜਤ ਲੋਕਾਂ ਦੀ ਉਮਰ ਵਿੱਚ ਮਹੱਤਵਪੂਰਨ ਸੁਧਾਰ ਕੀਤਾ ਹੈ।

ਵਿਸ਼ਵ ਸਿਹਤ ਸੰਗਠਨ ਮੁਤਾਬਕ 2025 ਵਿੱਚ ਦੁਨੀਆਂ ਭਰ ਵਿੱਚ ਲਗਭਗ ਪੰਜ ਲੱਖ ਸੱਤਰ ਹਜ਼ਾਰ ਲੋਕਾਂ ਦੀ ਐਚਆਈਵੀ ਨਾਲ ਸਬੰਧਤ ਕਾਰਨਾਂ ਕਰਕੇ ਮੌਤ ਹੋਈ ਜੋ 2004 ਵਿਚ ਇਸ ਦੇ ਸਿਖਰ ਮੁਕਾਬਲੇ 73 ਫ਼ੀਸਦੀ ਘੱਟ ਹੈ।

ਹੁਣ ਜਿਹੜੇ ਇਲਾਜਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ ਉਨ੍ਹਾਂ ਵਿੱਚ ਐਂਟੀ-ਰੇਟਰੋਵਾਇਰਲ ਥੈਰੇਪੀ ਸ਼ਾਮਲ ਹੈ ਜੋ ਆਮ ਤੌਰ 'ਤੇ ਵਾਇਰਲ ਲੋਡ ਨੂੰ ਇੰਨੇ ਘੱਟ ਪੱਧਰ 'ਤੇ ਲੈ ਆਉਂਦੀ ਹੈ ਜਿਸ ਦਾ ਪਤਾ ਲਗਾਉਣਾ ਔਖਾ ਹੋ ਜਾਂਦਾ ਹੈ। ਇਸ ਨਾਲ ਰੋਗ ਪ੍ਰਤੀਰੋਧਕ ਪ੍ਰਣਾਲੀ ਸੁਰੱਖਿਅਤ ਰਹਿੰਦੀ ਹੈ ਅਤੇ ਵਾਇਰਲ ਦੇ ਸੈਕਸ ਰਾਹੀਂ ਫੈਲਣ ਵਾਲੇ ਸੰਚਾਰ ਨੂੰ ਰੋਕਿਆ ਜਾ ਸਕਦਾ ਹੈ।

ਹਾਲਾਂਕਿ ਪਿਛਲੇ ਸਾਲ ਯੂਨੀਏਡਜ਼ ਦੀ ਮੁੱਖੀ ਵਿਨੀ ਬਿਆਨਿਮਾ ਨੇ ਕਿਹਾ ਸੀ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਵਿਦੇਸ਼ੀ ਸਹਾਇਤਾ ਨੂੰ ਰੋਕਣ ਦੇ ਫ਼ੈਸਲੇ ਨਾਲ ਰੋਜ਼ਾਨਾ ਦੋ ਹਜ਼ਾਰ ਵਾਧੂ ਨਵੇਂ ਐਚਆਈਵੀ ਇਨਫੈਕਸ਼ਨ ਹੋਣਗੇ ਅਤੇ ਅਗਲੇ ਚਾਰ ਸਾਲਾਂ ਵਿੱਚ ਛੇ ਮਿਲੀਅਨ ਤੋਂ ਵੱਧ ਹੋਰ ਮੌਤਾਂ ਹੋਣਗੀਆਂ।

ਯੂਨੀਏਡਜ਼ ਦਾ ਕਹਿਣਾ ਹੈ ਕਿ 2025 ਵਿੱਚ ਨਵੀਆਂ ਐਚਆਈਵੀ ਇਨਫੈਕਸ਼ਨਜ਼ ਤਿੰਨ ਖੇਤਰਾਂ ਅਤੇ 21 ਦੇਸ਼ਾਂ ਵਿੱਚ ਵਧੀਆਂ ਹਨ ਜਿਨ੍ਹਾਂ ਵਿੱਚ ਅਫ਼ਗਾਨਿਸਤਾਨ, ਸ਼੍ਰੀਲੰਕਾ, ਨੇਪਾਲ, ਕੀਨੀਆ, ਸੁਡਾਨ, ਬ੍ਰਾਜ਼ੀਲ, ਪਾਕਿਸਤਾਨ, ਯਮਨ, ਮਿਸਰ, ਸੇਨੇਗਲ ਅਤੇ ਫਿਲੀਪੀਨਜ ਸ਼ਾਮਲ ਹਨ।

ਵਿਸ਼ਵ ਸਿਹਤ ਸੰਗਠਨ ਮੁਤਾਬਕ ਲਿਸੋਥੋ ਵਿੱਚ ਐਚਆਈਵੀ ਦੀ ਦੁਨੀਆਂ ਭਰ ਵਿੱਚ ਦੂਜੀ ਸਭ ਤੋਂ ਵੱਧ ਪ੍ਰੇਵਲੈਂਸ ਦਰ ਹੈ ਅਤੇ ਇਹ ਉੱਥੇ ਔਰਤਾਂ ਦੀ ਮੌਤ ਦਾ ਮੁੱਖ ਕਾਰਨ ਹੈ।

ਉੱਥੇ ਬਲੂਟੂਥਿੰਗ ਨਾਲ ਨਜਿੱਠਣ ਦੀ ਕੋਸ਼ਿਸ਼ ਕਰਨ ਵਾਲੀ ਇੱਕ ਸੰਸਥਾ 'ਮੋਖੋਸੀ ਓਆ ਮੈਂਗੋਆਨਾ' ਯਾਨੀ 'ਇੱਕ ਮਾਂ ਦੀ ਪੁਕਾਰ' ਹੈ। ਔਰਤਾਂ ਦਾ ਇਹ ਗਰੁੱਪ ਨਸ਼ੇ ਦੇ ਆਦੀ ਬੱਚਿਆਂ ਦੀ ਦੇਖਭਾਲ ਕਰਨ ਦੇ ਆਪਣੇ ਤਜਰਬੇ ਸਾਂਝੇ ਕਰਦਾ ਹੈ।






ਕੀ ਨਸ਼ੇ ਲਈ ਖ਼ੂਨ ਸਾਂਝਾ ਕਰਨ ਦਾ ਰੁਝਾਨ ਐੱਚਆਈਵੀ ਸੰਕਟ ਨੂੰ ਵਧਾ ਰਿਹਾ ਹੈ? - ਪੰਜਾਬੀ

**ਕੀ ਨਸ਼ੇ ਲਈ ਖ਼ੂਨ ਸਾਂਝਾ ਕਰਨ ਦਾ ਰੁਝਾਨ ਐੱਚਆਈਵੀ ਸੰਕਟ ਨੂੰ ਵਧਾ ਰਿਹਾ ਹੈ? - ਪੰਜਾਬੀ (ਜਾਰੀ)**

ਉਨ੍ਹਾਂ ਨੇ ਦੱਖਣੀ ਅਫ਼ਰੀਕਾ ਵਿੱਚ ਅਜਿਹਾ ਵਾਪਰਨ ਬਾਰੇ ਸੁਣਿਆ ਸੀ ਪਰ 2024 ਵਿੱਚ ਉਨ੍ਹਾਂ ਨੂੰ ਇਹ ਅਹਿਸਾਸ ਹੋਇਆ ਕਿ ਉਹ ਉਨ੍ਹਾਂ ਦੇ ਆਪਣੇ ਘਰ ਦੇ ਨੇੜੇ ਵੀ ਹੋ ਰਿਹਾ ਹੈ ਖ਼ਾਸ ਕਰਕੇ ਨਸ਼ੇ ਦੇ ਅੱਡਿਆਂ ਵਿੱਚ ਜੋ ਕਿ ਉਜਾੜ ਜਾਂ ਨਿੱਜੀ ਇਮਾਰਤਾਂ ਹੁੰਦੀਆਂ ਹਨ ਜਿੱਥੇ ਨਸ਼ਾ ਖ਼ਰੀਦਿਆ,

ਪੌਟੋ ਤੁਮੀਸੀ ਦੀ ਧੀ ਕ੍ਰਿਸਟਲ ਮੈਥਾਮਫੇਟਾਮਾਈਨ ਲੈਣਾ ਸ਼ੁਰੂ ਕਰਨ ਤੋਂ ਪਹਿਲਾਂ ਇੱਕ ਹੁਸ਼ਿਆਰ ਵਿਦਿਆਰਥਣ ਸੀ। ਉਹ ਕਹਿੰਦੀ ਹੈ ਕਿ ਬਲੂਟੂਥਿੰਗ ਉਦੋਂ ਹੁੰਦੀ ਹੈ ਜਦੋਂ ਲੋਕ ਥੋੜ੍ਹੀ ਮਾਤਰਾ ਵਿੱਚ ਮੌਜੂਦ ਨਸ਼ਾ ਸਾਂਝਾ ਕਰਨਾ ਚਾਹੁੰਦੇ ਹਨ।

ਉਹ ਕਹਿੰਦੀ ਹੈ, " ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਆਪਣੇ ਬਲੱਡ ਗਰੁੱਪ ਦੀ ਅਨੁਕੂਲਤਾ ਬਾਰੇ ਜਾਣਦੇ ਹਨ ਜਾਂ ਨਹੀਂ। ਇਸ ਗੱਲ ਨਾਲ ਵੀ ਕੋਈ ਫਰਕ ਨਹੀਂ ਪੈਂਦਾ ਕਿ ਉਹ ਖ਼ੂਨ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਬਾਰੇ ਜਾਣਦੇ ਹਨ। ਇਹ ਸਭ ਉਨ੍ਹਾਂ ਲਈ ਮਾਇਨੇ ਨਹੀਂ ਰੱਖਦਾ।"

ਤੁਮੀਸੀ ਦਾ ਕਹਿਣਾ ਹੈ ਕਿ ਸਿਹਤ ਕਰਮਚਾਰੀਆਂ ਨੇ ਉਸ ਨੂੰ ਦੱਸਿਆ ਕਿ ਇਹ ਰੁਝਾਨ ਮੌਜੂਦ ਹੀ ਨਹੀਂ ਹੈ ਕਿਉਂਕਿ ਕਿਸੇ ਵੀ ਵਿਅਕਤੀ ਲਈ ਖ਼ੂਨ ਸਾਂਝਾ ਕਰਕੇ ਜਿਉਂਦੇ ਰਹਿਣਾ ਅਸੰਭਵ ਹੋਵੇਗਾ।

ਯੂਨੀਏਡਜ਼ ਦੇ ਇੱਕ ਖੇਤਰੀ ਨਿਰਦੇਸ਼ਕ ਈਮੋਨ ਮਰਫੀ ਦਾ ਕਹਿਣਾ ਹੈ ਕਿ ਸਿੱਧੇ ਤੌਰ 'ਤੇ ਖ਼ੂਨ ਸਾਂਝਾ ਕਰਨ ਦੇ ਇਸ ਤਰ੍ਹਾਂ ਦੇ ਤਰੀਕੇ ਹੋਰ ਥਾਂਵਾਂ 'ਤੇ ਵੱਖ ਵੱਖ ਨਾਵਾਂ ਹੇਠ ਦਰਜ ਕੀਤੇ ਗਏ ਹਨ। ਤਨਜ਼ਾਨੀਆ ਵਿੱਚ 'ਫਲੈਸ਼ਬਲੱਡ' ਸ਼ਾਮਲ ਹੈ ਹਾਲਾਂਕਿ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਇਹ ਕੋਈ ਵਿਸ਼ਵ ਵਿਆਪੀ ਰੁਝਾਨ ਨਹੀਂ ਸੀ।

ਪਰ ਤੁਮੀਸੀ ਨੂੰ ਚਿੰਤਾ ਹੈ ਕਿ ਨਸ਼ਾ ਕਰਨ ਦੇ ਇਹ ਨਵੇਂ ਅਤੇ ਘੱਟ ਜਾਣੇ ਪਛਾਣੇ ਤਰੀਕੇ ਦੂਜੇ ਦੇਸ਼ਾਂ ਵਿੱਚ ਅਣਪਛਾਤੇ ਰਹਿ ਸਕਦੇ ਹਨ।

ਉਹ ਚੇਤਾਵਨੀ ਦਿੰਦੀ ਹੈ ਕਿ ਨਸ਼ਾਖੋਰੀ ਦੀ ਫਰੰਟ ਲਾਈਨ 'ਤੇ ਰਹਿਣ ਵਾਲੇ ਲੋਕਾਂ ਨੂੰ ਚੌਕਸ ਰਹਿਣਾ ਚਾਹੀਦਾ ਹੈ ਅਤੇ ਸ਼ੁਰੂਆਤੀ ਸੰਕੇਤਾਂ ਬਾਰੇ ਖੁਦ ਨੂੰ ਜਾਗਰੂਕ ਕਰਨਾ ਚਾਹੀਦਾ ਹੈ।

"ਜੇਕਰ ਤੁਸੀਂ ਮਾਪੇ ਹੋ, ਭਾਵੇਂ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਹੋਵੇ, ਤੁਸੀਂ ਇੱਕ ਇਨਸਾਨ ਹੋ। ਇਸ ਦਾ ਮਤਲਬ ਬੈ ਕਿ ਤੁਸੀਂ ਖਤਰੇ ਵਿਚ ਹੋ। ਨਸ਼ੇ ਦੀ ਲਤ ਨਾਲ ਕੁਝ ਵੀ ਹੋ ਸਕਦਾ ਹੈ।"

ਏਸ਼ੀਅਨ ਖੇਡਾਂ 2026: ਭਾਰਤੀ ਖਿਡਾਰੀਆਂ ਨੇ ਹੁਣ ਤੱਕ ਕਿੰਨੇ ਮੈਡਲ ਜਿੱਤੇ?

ਕੈਨੇਡਾ 'ਚ ਸ਼ਰਨ ਲੈਣਾ ਕਿੰਨਾ ਔਖਾ ਹੋਇਆ? ਭਾਰਤ ਨਾਲ ਜੁੜੇ ਦਾਅਵਿਆਂ ਦੇ ਅੰਕੜੇ ਕੀ ਕਹਿੰਦੇ ਹਨ?

ਦੇਸ਼

## ਰਾਜਜੀਤ ਸਿੰਘ ਹੁੰਦਲ ਗ੍ਰਿਫ਼ਤਾਰ, ਕੌਣ ਹਨ ਪੰਜਾਬ ਪੁਲਿਸ ਦੇ ਬਰਖ਼ਾਸਤ ਅਫ਼ਸਰ ਜੋ ਲੰਬੇ ਸਮੇਂ ਤੋਂ ਡਰੱਗਜ਼ ਨਾਲ ਜੁੜੇ ਮਾਮਲੇ 'ਚ ਘਿਰੇ ਰਹੇ ਹਨ - ਪੰਜਾਬੀ

ਪੰਜਾਬ ਪੁਲਿਸ ਦੇ ਵਿਵਾਦਤ ਬਰਖ਼ਾਸਤ ਅਧਿਕਾਰੀ ਰਾਜਜੀਤ ਸਿੰਘ ਹੁੰਦਲ ਨੂੰ 24 ਸਤੰਬਰ ਦੀ ਸਵੇਰ ਪਟਿਆਲਾ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਗ੍ਰਿਫ਼ਤਾਰੀ ਪੰਜਾਬ ਪੁਲਿਸ ਦੀ ਐਂਟੀ-ਨਾਰਕੋਟਿਕਸ ਟਾਸਕ ਫੋਰਸ (ਏਐਨਟੀਐੱਫ) ਵੱਲੋਂ ਕੀਤੀ ਗਈ।

ਏਐਨਟੀਐੱਫ ਦੇ ਇੱਕ ਸੀਨੀਅਰ ਅਧਿਕਾਰੀ ਨੇ ਬੀਬੀਸੀ ਪੱਤਰਕਾਰ ਹਰਮਨਦੀਪ ਸਿੰਘ ਨਾਲ ਗੱਲ ਕਰਦੇ ਹੋਏ ਇਸ ਖ਼ਬਰ ਦੀ ਪੁਸ਼ਟੀ ਕੀਤੀ ਹੈ।

ਰਾਜਜੀਤ ਸਿੰਘ ਪੰਜਾਬ ਪੁਲਿਸ ਦੇ ਅਸਿਸਟੈਂਟ ਇੰਸਪੈਕਟਰ ਜਨਰਲ (ਏਆਈਜੀ) ਸਨ, ਪੁਲਿਸ ਵੱਲੋਂ ਉਨ੍ਹਾਂ ਨੂੰ ਸਾਲ 2017 ਦੇ ਡਰੱਗਜ਼ ਮਾਮਲੇ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਸੀ।

ਇਸੇ ਮਾਮਲੇ ਦੀ ਜਾਂਚ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਇੱਕ ਐੱਸਆਈਟੀ ਵੀ ਬਣਾਈ ਗਈ ਸੀ। ਜਿਸਦੀ ਰਿਪੋਰਟ ਆਉਣ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 18 ਅਪ੍ਰੈਲ 2023 ਨੂੰ ਨੌਕਰੀ ਤੋਂ ਬਰਖ਼ਾਸਤ ਕਰਨ ਬਾਰੇ ਜਾਣਕਾਰੀ ਦਿੱਤੀ ਸੀ।

ਇਸੇ ਸਾਲ ਜੁਲਾਈ ਮਹੀਨੇ ਰਾਜਜੀਤ ਸਿੰਘ ਨੇ ਸੁਪਰੀਮ ਕੋਰਟ ਵਿੱਚ ਸਪੈਸ਼ਲ ਲੀਵ ਪਟੀਸ਼ਨ (ਜੋ ਪੀੜਤ ਪੱਖ ਨੂੰ ਕਿਸੇ ਵੀ ਹੇਠਲੀ ਅਦਾਲਤ ਖ਼ਿਲਾਫ਼ ਦੇ ਹੁਕਮ ਖ਼ਿਲਾਫ਼ ਅਪੀਲ ਕਰਨ ਦਾ ਹੱਕ ਦਿੰਦੀ ਹੈ) ਦਾਖ਼ਲ ਕੀਤੀ ਸੀ, ਜਿਸਦੀ 10 ਸਤੰਬਰ ਨੂੰ ਸੁਪਰੀਮ ਕੋਰਟ ਦੀ ਇੱਕ ਬੈਂਚ ਨੇ ਸੁਣਵਾਈ ਕਰਦਿਆਂ ਰਾਜਜੀਤ ਸਿੰਘ ਨੂੰ 1 ਅਕਤੂਬਰ ਤੋਂ ਪਹਿਲਾਂ ਖ਼ੁਦ ਨੂੰ ਸਰੈਂਡਰ ਕਰਨ ਦੇ ਹੁਕਮ ਵੀ ਦਿੱਤੇ ਸਨ।

ਏਆਈਜੀ ਬਣਨ ਤੋਂ ਪਹਿਲਾਂ ਰਾਜਜੀਤ ਸਿੰਘ ਤਰਨਤਾਰਨ, ਹੁਸ਼ਿਆਰਪੁਰ ਅਤੇ ਮੋਗਾ ਜ਼ਿਲ੍ਹਿਆਂ ਵਿੱਚ ਐੱਸਐੱਸਪੀ ਦੇ ਤੌਰ 'ਤੇ ਸੇਵਾਵਾਂ ਨਿਭਾ ਚੁੱਕੇ ਸਨ।

**ਰਾਜਜੀਤ ਸਿੰਘ ਹੁੰਦਲ ਗ੍ਰਿਫ਼ਤਾਰ, ਕੌਣ ਹਨ ਪੰਜਾਬ ਪੁਲਿਸ ਦੇ ਬਰਖ਼ਾਸਤ ਅਫ਼ਸਰ ਜੋ ਲੰਬੇ ਸਮੇਂ ਤੋਂ ਡਰੱਗਜ਼ ਨਾਲ ਜੁੜੇ ਮਾਮਲੇ 'ਚ ਘਿਰੇ ਰਹੇ ਹਨ - ਪੰਜਾਬੀ (ਜਾਰੀ)**

ਪੰਜਾਬ ਪੁਲਿਸ ਦੀ ਸਪੈਸ਼ਲ ਟਾਸਕ ਫੋਰਸ (ਐੱਸਟੀਐੱਫ਼) ਨੇ ਜੂਨ 2017 ਵਿੱਚ ਪੰਜਾਬ ਪੁਲਿਸ ਦੇ ਇੱਕ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਸ ਦਾ ਅਸਲ ਰੈਂਕ ਇੱਕ ਹੈੱਡ ਕਾਂਸਟੇਬਲ ਸੀ।

ਉਸ ਕੋਲੋਂ 4 ਕਿਲੋ ਹੈਰੋਇਨ, 3 ਕਿਲੋ ਸਮੈਕ, ਇੱਕ ਏਕੇ-47 ਅਤੇ ਹੋਰ ਹਥਿਆਰ ਬਰਾਮਦ ਕੀਤੇ ਗਏ ਸਨ।

2017 ਵਿੱਚ ਰਾਜਜੀਤ ਹੁੰਦਲ ਮੋਗਾ ਜ਼ਿਲ੍ਹੇ ਦੇ ਐੱਸਐੱਸਪੀ ਵਜੋਂ ਤਾਇਨਾਤ ਸਨ। ਇੰਸਪੈਕਟਰ ਇੰਦਰਜੀਤ ਸਿੰਘ ਵਿਰੁੱਧ ਡਰੱਗ ਕੇਸ ਵਿੱਚ ਉਨ੍ਹਾਂ ਦਾ ਨਾਮ ਸਾਹਮਣੇ ਆਇਆ ਸੀ, ਜਿਸ ਮਗਰੋਂ ਉਹ ਐੱਸਟੀਐੱਫ ਦੇ ਰਡਾਰ ਉੱਤੇ ਆਏ।

ਜਦੋਂ ਐੱਸਟੀਐੱਫ਼ ਨੇ ਇੰਦਰਜੀਤ ਦੀ ਰਾਜਜੀਤ ਸਿੰਘ ਨਾਲ ਸਬੰਧਾਂ ਦੀ ਜਾਂਚ ਸ਼ੁਰੂ ਕੀਤੀ ਤਾਂ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ 'ਚ ਹਲਚਲ ਸ਼ੁਰੂ ਹੋ ਗਈ।

ਬਾਅਦ ਵਿੱਚ ਰਾਜਜੀਤ ਸਿੰਘ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਹੁੰਚ ਕੀਤੀ ਅਤੇ ਐੱਸਟੀਐੱਫ਼ ਵੱਲੋਂ ਉਨ੍ਹਾਂ ਪ੍ਰਤੀ ਪੱਖਪਾਤ ਦਾ ਰਵੱਈਆ ਰੱਖਣ ਦੇ ਇਲਜ਼ਾਮ ਲਗਾਏ।

ਰਾਜਜੀਤ ਸਿੰਘ ਦੀ ਪਟੀਸ਼ਨ 'ਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਕਮੇਟੀ (ਐੱਸਆਈਟੀ) ਦਾ ਗਠਨ ਕੀਤਾ, ਜਿਸ ਵਿੱਚ ਪੰਜਾਬ ਦੇ ਸਾਬਕਾ ਡੀਜੀਪੀ ਸਿਧਾਰਥ ਚਟੋਪਾਧਿਆਏ, ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਤਤਕਾਲੀ ਡਾਇਰੈਕਟਰ ਪ੍ਰਬੋਧ ਕੁਮਾਰ ਅਤੇ ਤਤਕਾਲੀ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਇਸ ਦੇ ਮੈਂਬਰ ਸਨ।

ਐੱਸਆਈਟੀ ਨੂੰ ਆਦੇਸ਼ ਦਿੱਤਾ ਗਿਆ ਸੀ ਕਿ ਇੰਸਪੈਕਟਰ ਇੰਦਰਜੀਤ ਸਿੰਘ ਨਾਲ ਕਥਿਤ ਸਬੰਧਾਂ ਦੇ ਮਾਮਲੇ ਵਿੱਚ ਮੋਗਾ ਦੇ ਤਤਕਾਲੀ ਸੀਨੀਅਰ ਸੁਪਰੀਡੈਂਟ ਰਾਜਜੀਤ ਸਿੰਘ ਹੁੰਦਲ ਦੀ ਮਿਲੀਭੁਗਤ ਦੇ ਇਲਜ਼ਾਮਾਂ ਦੀ ਜਾਂਚ ਕੀਤੀ ਜਾਵੇ।

ਹਾਈ ਕੋਰਟ ਨੇ ਜੋ ਐੱਸਆਈਟੀ ਬਣਾਈ, ਉਸ ਨੇ ਜਾਂਚ 'ਚ ਪਾਇਆ ਕਿ ਜਾਇਦਾਦ ਟੈਕਸ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ 2013 ਤੋਂ ਰਾਜਜੀਤ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਮਾਲਕੀ ਵਾਲੀ ਅਚੱਲ ਜਾਇਦਾਦ ਵਿੱਚ ਵਾਧਾ ਹੋਇਆ ਹੈ, ਜਿਸ ਦੀ ਅੱਗੇ ਜਾਂਚ ਹੋਣੀ ਚਾਹੀਦੀ ਹੈ।

ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਰਾਜਜੀਤ ਨੇ ਇੰਦਰਜੀਤ ਸਿੰਘ ਨੂੰ ਹੈੱਡ ਕਾਂਸਟੇਬਲ ਤੋਂ ਏਐੱਸਆਈ ਅਤੇ ਫਿਰ ਰੈਗੂਲਰ ਸਬ-ਇੰਸਪੈਕਟਰ ਵਜੋਂ ਦੋਹਰੀ ਤਰੱਕੀ ਦੇਣ ਦੀ ਸਿਫਾਰਸ਼ ਕੀਤੀ ਗਈ ਸੀ।

ਇਸ ਰਿਪੋਰਟ ਵਿੱਚ ਐੱਸਆਈਟੀ ਨੇ ਪਾਇਆ ਕਿ ਇੰਸਪੈਕਟਰ ਇੰਦਰਜੀਤ ਸਿੰਘ, ਮਰਹੂਮ ਗੁਰਜੀਤ ਸਿੰਘ, ਸਾਹਿਬ ਸਿੰਘ, ਦਲਬੀਰ ਸਿੰਘ ਅਤੇ ਬਰਖ਼ਾਸਤ ਬੀਐੱਸਐੱਫ਼ ਜਵਾਨ ਸੁਰੇਸ਼ ਕੁਮਾਰ ਤਿਆਗੀ ਵਰਗੇ ਲੋਕਾਂ ਦੀ ਮਦਦ ਨਾਲ ਪਾਕਿਸਤਾਨ ਤੋਂ ਨਸ਼ਿਆਂ ਦੀ ਤਸਕਰੀ ਕਰ ਰਿਹਾ ਸੀ।

ਉਸ ਨੇ ਗੁਰਪ੍ਰਕਾਸ਼ ਸਿੰਘ, ਪ੍ਰੇਮ ਸਿੰਘ ਅਤੇ ਉਸ ਦੇ ਪੁੱਤਰ, ਜੋ ਕਿ ਉਸ ਸਮੇਂ ਮਹਿਜ਼ 18 ਸਾਲ ਦਾ ਸੀ ਅਤੇ ਬਾਰ੍ਹਵੀਂ ਜਮਾਤ ਦਾ ਵਿਦਿਆਰਥੀ ਸੀ, ਨੂੰ ਨਸ਼ੀਲੇ ਪਦਾਰਥਾਂ ਦੇ ਮਾਮਲੇ ਵਿੱਚ ਨਾਜਾਇਜ਼ ਫਸਾਇਆ ਸੀ।

ਇਹ ਵੀ ਕਿਹਾ ਗਿਆ ਕਿ ਇਸ ਤੋਂ ਇਲਾਵਾ ਇੰਦਰਜੀਤ, ਲੋਕਾਂ ਨੂੰ ਐੱਨਡੀਪੀਐੱਸ ਐਕਟ ਦੇ ਕੇਸਾਂ ਵਿੱਚ ਨਾਮਜ਼ਦ ਕਰਕੇ ਫਿਰ ਉਨ੍ਹਾਂ ਨੂੰ ਰਾਹਤ ਦਿਵਾਉਣ ਲਈ ਪੈਸੇ ਦੀ ਵਸੂਲੀ ਕਰਦੇ ਸਨ।

ਐੱਸਆਈਟੀ ਨੇ ਪਾਇਆ ਕਿ ਇਸ ਤੋਂ ਇਲਾਵਾ ਫੋਰੈਂਸਿਕ ਲੈਬ ਦੇ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ ਨਸ਼ੀਲੇ ਪਦਾਰਥਾਂ ਦੇ ਨਮੂਨੇ ਫੇਲ੍ਹ ਕਰਵਾਉਣ ਜਾਂ ਰਿਪੋਰਟ ਵਿੱਚ ਦੇਰੀ ਕਰਵਾਉਣ ਵਰਗੇ ਕੰਮ ਕਰਦਾ ਸੀ, ਜਿਸ ਨਾਲ ਤਸਕਰਾਂ ਨੂੰ ਫਾਇਦਾ ਪਹੁੰਚਦਾ ਸੀ। ਉਹ ਲੋਕਾਂ ਤੋਂ ਜਬਰੀ ਪੈਸੇ ਵਸੂਲਣ ਲਈ ਨਸ਼ੇ ਦੇ ਝੂਠੇ ਮਾਮਲੇ ਦਰਜ ਕਰਵਾਉਂਦਾ ਸੀ।

ਰਿਪੋਰਟ ਵਿੱਚ ਕਿਹਾ ਗਿਆ ਕਿ ਐੱਸਆਈਟੀ ਨੇ ਆਪਣੀ ਜਾਂਚ ਵਿੱਚ ਸਿੱਟਾ ਕੱਢਿਆ ਸੀ ਕਿ ਇੰਦਰਜੀਤ ਸਿੰਘ ਉੱਤੇ ਵੱਖ-ਵੱਖ ਤਸਕਰਾਂ ਅਤੇ ਹੋਰ ਮੁਲਜ਼ਮਾਂ ਤੋਂ ਮੋਟੀ ਰਕਮ ਵਸੂਲਣ ਦੇ ਇਲਜ਼ਾਮ ਲੱਗੇ ਹਨ।

ਮਈ 2013 ਤੋਂ ਜੂਨ 2014 ਦੇ ਦੌਰਾਨ ਜਦੋਂ ਇੰਦਰਜੀਤ ਸਿੰਘ ਤਾਰਨ ਤਰਨ ਵਿਖੇ ਸੀਆਈਏ ਸਟਾਫ਼ ਇੰਚਾਰਜ ਸਨ ਤਾਂ ਉਸ ਵੇਲੇ ਐੱਨਡੀਪੀਐੱਸ ਐਕਟ ਤਹਿਤ ਦਰਜ ਹੋਏ ਵੱਖ-ਵੱਖ ਅਪਰਾਧਿਕ ਮਾਮਲਿਆਂ ਵਿੱਚ ਤਸਕਰਾਂ ਅਤੇ ਮੁਲਜ਼ਮਾਂ ਤੋਂ ਪੈਸੇ ਲਏ ਸਨ।

ਪੁਲਿਸ ਸੂਤਰਾਂ ਨੇ ਦੱਸਿਆ ਸੀ ਕਿ ਜੁਲਾਈ 2018 ਵਿੱਚ ਜਦੋਂ ਪੰਜਾਬ ਵਿੱਚ ਨਸ਼ੇ ਦੀ ਓਵਰਡੋਜ਼ ਕਾਰਨ ਕਈ ਨੌਜਵਾਨਾਂ ਦੀਆਂ ਮੌਤਾਂ ਹੋਈਆਂ ਤਾਂ ਇਸ ਨੇ ਮੁੜ ਨਸ਼ਿਆਂ ਦੇ ਮੁੱਦੇ ਅਤੇ ਰਾਜਜੀਤ ਸਿੰਘ ਨੂੰ ਕੇਂਦਰ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ।

ਪੁਲਿਸ ਸੂਤਰਾਂ ਨੇ ਦੱਸਿਆ ਸੀ ਕਿ ਇਸ ਤੋਂ ਬਾਅਦ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਰਾਜਜੀਤ ਸਿੰਘ ਨੂੰ ਮੋਗਾ ਤੋਂ ਬਦਲ ਦਿੱਤਾ ਸੀ।

ਇੱਥੋਂ ਤੱਕ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਵਿਰੁੱਧ ਲੁੱਕ ਆਊਟ ਸਰਕੂਲਰ ਵੀ ਜਾਰੀ ਕੀਤਾ ਸੀ, ਕਿਉਂਕਿ ਅਜਿਹਾ ਖਦਸ਼ਾ ਸੀ ਕਿ ਉਹ ਵਿੱਚ ਦੇਸ਼ ਛੱਡ ਕੇ ਭੱਜ ਸਕਦੇ ਹਨ।

ਰਾਜਜੀਤ ਸਿੰਘ ਨੂੰ ਸਾਲ 2023 ਵਿੱਚ ਨਸ਼ੇ ਦੇ ਇਲਜ਼ਾਮਾਂ ਵਿੱਚ ਨੌਕਰੀ ਤੋਂ ਬਰਖ਼ਾਸਤ ਕੀਤਾ ਗਿਆ ਸੀ।

ਉਨ੍ਹਾਂ ਨੇ ਆਪਣੀ ਨੌਕਰੀ ਦੌਰਾਨ ਤਰਨ ਤਾਰਨ, ਹੁਸ਼ਿਆਰਪੁਰ ਅਤੇ ਮੋਗਾ ਵਿੱਚ ਸੀਨੀਅਰ ਸੁਪਰੀਡੈਂਟ ਆਫ਼ ਪੁਲਿਸ (ਐੱਸਐੱਸਪੀ) ਵਜੋਂ ਸੇਵਾਵਾ ਨਿਭਾਈਆਂ ਹਨ।

**ਰਾਜਜੀਤ ਸਿੰਘ ਹੁੰਦਲ ਗ੍ਰਿਫ਼ਤਾਰ, ਕੌਣ ਹਨ ਪੰਜਾਬ ਪੁਲਿਸ ਦੇ ਬਰਖ਼ਾਸਤ ਅਫ਼ਸਰ ਜੋ ਲੰਬੇ ਸਮੇਂ ਤੋਂ ਡਰੱਗਜ਼ ਨਾਲ ਜੁੜੇ ਮਾਮਲੇ 'ਚ ਘਿਰੇ ਰਹੇ ਹਨ - ਪੰਜਾਬੀ (ਜਾਰੀ)**

ਸਾਲ 2023 ਵਿੱਚ ਬੀਬੀਸੀ ਨੂੰ ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਰਾਜਜੀਤ ਸਿੰਘ ਨੂੰ ਉਸ ਵਾਲੇ ਤਰਸ ਦੇ ਆਧਾਰ 'ਤੇ ਪੰਜਾਬ ਪੁਲਿਸ ਵਿੱਚ ਭਰਤੀ ਕੀਤਾ ਗਿਆ ਸੀ, ਜਦੋਂ ਉਨ੍ਹਾਂ ਦੀ ਮਾਂ ਅਤੇ ਭੈਣ ਨੂੰ 1991 ਵਿੱਚ ਖਾੜਕੂਆਂ ਵਲੋਂ ਮਾਰ ਦਿੱਤਾ ਗਿਆ ਸੀ।

ਉਹ ਹੁਸ਼ਿਆਰਪੁਰ ਜ਼ਿਲ੍ਹੇ ਦੀ ਦਸੂਹਾ ਤਹਿਸੀਲ ਦੇ ਪਿੰਡ ਹਰਦੋ ਥਲਾ ਦੇ ਰਹਿਣ ਵਾਲੇ ਹਨ।

ਅਧਿਕਾਰੀ ਨੇ ਦੱਸਿਆ ਸੀ ਕਿ ਰਾਜਜੀਤ ਸਿੰਘ ਆਪਣੀ ਸੇਵਾ ਦੇ ਸ਼ੁਰੂਆਤੀ ਸਾਲਾਂ ਦੌਰਾਨ ਦੋਆਬਾ ਖੇਤਰ ਵਿੱਚ ਤਾਇਨਾਤ ਰਹੇ ਅਤੇ ਉਨ੍ਹਾਂ ਦੇ ਸਿਆਸੀ ਲੋਕਾਂ ਨਾਲ ਅਤੇ ਸੀਨੀਅਰ ਪੁਲਿਸ ਅਧਿਕਾਰੀਆਂ ਨਾਲ ਚੰਗੇ ਸਬੰਧ ਸਨ।

ਰਾਜਜੀਤ ਦੇ ਜੀਜਾ ਅਮਰਜੀਤ ਸਿੰਘ ਸ਼ਾਹੀ, ਦਸੂਹਾ ਹਲਕੇ ਤੋਂ ਦੋ ਵਾਰ ਭਾਜਪਾ ਦੇ ਵਿਧਾਇਕ ਰਹਿ ਚੁੱਕੇ ਸਨ।

2012 ਵਿੱਚ ਸ਼ਾਹੀ ਦੀ ਮੌਤ ਤੋਂ ਬਾਅਦ, ਰਾਜਜੀਤ ਦੀ ਭੈਣ ਸੁਖਜੀਤ ਕੌਰ ਸ਼ਾਹੀ ਦਸੂਹਾ ਹਲਕੇ ਤੋਂ ਜ਼ਿਮਨੀ ਚੋਣ ਵਿੱਚ ਭਾਜਪਾ ਵਿਧਾਇਕ ਚੁਣੇ ਗਏ ਸਨ।

2021 ਵਿੱਚ ਸੁਖਜੀਤ ਕੌਰ ਸ਼ਾਹੀ ਭਾਜਪਾ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਸਨ।

ਪੰਜਾਬ ਪੁਲਿਸ ਦੇ ਸੂਤਰਾਂ ਮੁਤਾਬਕ ਜਦੋਂ ਰਾਜਜੀਤ ਸਿੰਘ ਤਰਨ ਤਾਰਨ ਜ਼ਿਲ੍ਹੇ ਵਿੱਚ ਐੱਸਐੱਸਪੀ ਵਜੋਂ ਤੈਨਾਤ ਸਨ ਤਾਂ 2013 ਵਿੱਚ ਉਨ੍ਹਾਂ ਨੇ ਵੱਡਾ ਵਿਵਾਦ ਛੇੜ ਦਿੱਤਾ ਸੀ।

ਉਨ੍ਹਾਂ ਉੱਤੇ ਇਲਜ਼ਾਮ ਲੱਗਿਆ ਸੀ ਕਿ ਉਨ੍ਹਾਂ ਨੇ ਪੰਜਾਬ ਵਿੱਚ ਆਪਣੀ ਧੀ ਨੂੰ ਮੈਡੀਕਲ ਸੀਟ ਦਿਵਾਉਣ ਲਈ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਤੋਂ ਇੱਕ ਜਾਅਲੀ ਸਰਟੀਫਿਕੇਟ ਤਿਆਰ ਕਰਵਾਇਆ।

ਇਹ ਸਰਟੀਫ਼ੀਕੇਟ 'ਚ ਲਿਖਿਆ ਗਿਆ ਸੀ ਕਿ ਕੁੜੀ ਦੇ ਪਿਤਾ ਭਾਵ ਰਾਜਜੀਤ ਸਿੰਘ ਦੀ ਇੱਕ ਅੱਤਵਾਦੀ ਮੁਕਾਬਲੇ 'ਚ ਮੌਤ ਹੋ ਗਈ ਹੈ।

2013 'ਚ ਹੀ ਤਤਕਾਲੀ ਐੱਸਐੱਸਪੀ ਰਾਜਜੀਤ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਇਹ ਇਲਜ਼ਾਮ ਲਗਾਇਆ ਸੀ ਕਿ ਯੂਨੀਵਰਸਿਟੀ ਦੇ ਪ੍ਰਾਸਪੈਕਟਸ ਵਿੱਚ ਦਿੱਤੇ ਗਏ ਸਰਟੀਫਿਕੇਟ ਦਾ ਨਮੂਨੇ ਦੀ ਸ਼ਬਦਾਵਲੀ ਭੁਲੇਖਾ ਪਾਊ ਸੀ। ਜਿਸ ਤੋਂ ਇਹ ਲੱਗਦਾ ਹੈ ਕਿ ਵਿਦਿਆਰਥੀ ਦੇ ਪਿਤਾ ਦੀ ਅੱਤਵਾਦ ਦੌਰਾਨ ਮੌਤ ਹੋ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਸਰਟੀਫਿਕੇਟ ਦੇ ਨਮੂਨੇ ਨੂੰ ਅਪਡੇਟ ਨਾ ਕਰਨ ਲਈ ਯੂਨੀਵਰਸਿਟੀ ਦੇ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ ਜਾਣਾ ਚਾਹੀਦਾ ਹੈ।

ਏਸ਼ੀਅਨ ਖੇਡਾਂ 2026: ਭਾਰਤੀ ਖਿਡਾਰੀਆਂ ਨੇ ਹੁਣ ਤੱਕ ਕਿੰਨੇ ਮੈਡਲ ਜਿੱਤੇ?

ਕੈਨੇਡਾ 'ਚ ਸ਼ਰਨ ਲੈਣਾ ਕਿੰਨਾ ਔਖਾ ਹੋਇਆ? ਭਾਰਤ ਨਾਲ ਜੁੜੇ ਦਾਅਵਿਆਂ ਦੇ ਅੰਕੜੇ ਕੀ ਕਹਿੰਦੇ ਹਨ?


ਸਿੱਖਿਆ • ਅਮਰੀਕਾ

## ਈਰਾਨ-ਅਮਰੀਕਾ ਜੰਗ: ਏਆਈ 'ਕਿਲ ਚੇਨ' ਨੇ ਨਿਗਲ ਲਈ ਈਰਾਨ ਦੇ 123 ਮਾਸੂਮਾਂ ਦੀ ਜ਼ਿੰਦਗੀ, ਤੋਂ ਕਿੱਥੇ ਹੋਈ ਚੂਕ?

ਅਮਰੀਕਾ-ਇਜ਼ਰਾਈਲ ਵੱਲੋਂ ਈਰਾਨ 'ਤੇ ਕੀਤੇ ਸਾਂਝੇ ਹਮਲੇ ਦੌਰਾਨ ਮਿਨਾਬ ਸ਼ਹਿਰ ਦੇ ਇੱਕ ਸਕੂਲ 'ਤੇ ਮਿਜ਼ਾਈਲ ਡਿੱਗਣ ਕਾਰਨ 123 ਬੱਚਿਆਂ ਸਮੇਤ 150 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ।

ਤਹਿਰਾਨ: 28 ਫਰਵਰੀ ਨੂੰ ਜਦੋਂ ਅਮਰੀਕਾ ਤੇ ਇਜ਼ਰਾਈਲ ਨੇ ਈਰਾਨ ਖ਼ਿਲਾਫ਼ ਸਾਂਝੀ ਜੰਗ ਸ਼ੁਰੂ ਕੀਤੀ ਤਾਂ ਦੱਖਣੀ ਈਰਾਨੀ ਸ਼ਹਿਰ ਮਿਨਾਬ 'ਚ 'ਸ਼ਜਰਾਹ ਤੈਯਬੇਹ ਐਲੀਮੈਂਟਰੀ ਸਕੂਲ' ਦੇ ਕੈਂਪਸ 'ਤੇ ਦੋ ਟੌਮਹਾਕ ਮਿਜ਼ਾਈਲਾਂ ਡਿੱਗੀਆਂ। ਇਨ੍ਹਾਂ ਧਮਾਕਿਆਂ 'ਚ ਘੱਟੋ-ਘੱਟ 123 ਬੱਚਿਆਂ ਸਮੇਤ 150 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ। ਬਾਅਦ 'ਚ ਸਾਹਮਣੇ ਆਇਆ ਕਿ ਸਕੂਲ ਦੀ ਦੋ ਮੰਜ਼ਿਲਾ ਇਮਾਰਤ ਉਸ ਜ਼ਮੀਨ 'ਤੇ ਬਣੀ ਸੀ, ਜੋ ਕਦੇ ਇੱਕ ਫੌਜੀ ਕੰਪਲੈਕਸ ਦਾ ਹਿੱਸਾ ਰਹੀ ਸੀ। ਈਰਾਨ ਨੇ ਇਨ੍ਹਾਂ ਹਮਲਿਆਂ ਲਈ ਅਮਰੀਕਾ ਨੂੰ ਜ਼ਿੰਮੇਵਾਰ ਠਹਿਰਾਇਆ। ਸੰਯੁਕਤ ਰਾਸ਼ਟਰ ਨੇ ਕਿਹਾ ਕਿ ਇਹ ਹਮਲੇ ਜੰਗੀ ਅਪਰਾਧ ਦੀ ਸ਼੍ਰੇਣੀ 'ਚ ਆ ਸਕਦੇ ਹਨ। ਹਾਲਾਂਕਿ ਡੋਨਾਲਡ ਟਰੰਪ ਪ੍ਰਸ਼ਾਸਨ ਨੇ ਜਨਤਕ ਤੌਰ 'ਤੇ ਇਸ ਤ੍ਰਾਸਦੀ ਦੀ ਜ਼ਿੰਮੇਵਾਰੀ ਨਹੀਂ ਲਈ, ਪਰ ਬਲੂਮਬਰਗ ਦੀ ਜਾਂਚ ਮੁਤਾਬਕ ਪੈਂਟਾਗਨ ਨੂੰ ਪਤਾ ਹੈ ਕਿ ਇਸ ਘਟਨਾ ਪਿੱਛੇ ਆਰਟੀਫਿਸ਼ਲ ਇੰਟੈਲੀਜੈਂਸ 'ਤੇ ਨਿਰਭਰਤਾ ਇੱਕ ਮਹੱਤਵਪੂਰਨ ਕਾਰਕ ਸੀ।

ਇਹ ਇੱਕ ਅਜਿਹਾ ਸਿਸਟਮ ਸੀ, ਜਿਸ 'ਚ ਪੁਰਾਣੇ ਟਾਰਗੇਟਿੰਗ ਡੇਟਾ ਦੀ ਵਰਤੋਂ ਕੀਤੀ ਗਈ ਤੇ ਮਨੁੱਖੀ ਨਿਗਰਾਨੀ ਦੀ ਕਮੀ ਰਹੀ। ਬੱਚਿਆਂ ਦੀ ਮੌਤ ਦੇ ਮੱਦੇਨਜ਼ਰ ਮਿਨਾਬ ਦੀ ਘਟਨਾ ਨੂੰ 21ਵੀਂ ਸਦੀ 'ਚ ਅਮਰੀਕੀ ਫੌਜ ਦੀ ਟਾਰਗੇਟਿੰਗ ਨਾਲ ਜੁੜੀ ਸਭ ਤੋਂ ਘਾਤਕ ਗਲਤੀਆਂ ਵਿੱਚੋਂ ਇੱਕ ਦੱਸਿਆ ਗਿਆ ਹੈ। ਅਮਰੀਕਾ ਦੇ ਦੋ ਦਰਜਨ ਤੋਂ ਵੱਧ ਮੌਜੂਦਾ ਤੇ ਸਾਬਕਾ ਅਧਿਕਾਰੀਆਂ ਨੇ ਦੱਸਿਆ ਕਿ ਪੈਂਟਾਗਨ ਦੇ ਕੁਝ ਕਰਮਚਾਰੀਆਂ ਨੂੰ ਕੁਝ ਹੀ ਘੰਟਿਆਂ 'ਚ ਪਤਾ ਲੱਗ ਗਿਆ ਸੀ ਕਿ ਆਮ ਨਾਗਰਿਕਾਂ ਨਾਲ ਵਾਪਰੀ ਇਸ ਤ੍ਰਾਸਦੀ ਦੇ ਪਿੱਛੇ ਅਮਰੀਕੀ ਫੌਜ ਦੀਆਂ ਅਜਿਹੀਆਂ ਗਲਤੀਆਂ ਦੀ ਲੜੀ ਸੀ, ਜਿਨ੍ਹਾਂ ਨੂੰ ਰੋਕਿਆ ਜਾ ਸਕਦਾ ਸੀ। ਫਰਵਰੀ ਦੇ ਆਖਰੀ ਦਿਨਾਂ 'ਚ ਟਰੰਪ ਪ੍ਰਸ਼ਾਸਨ ਨੇ ਈਰਾਨ 'ਤੇ ਵੱਡੇ ਪੱਧਰ 'ਤੇ ਹਵਾਈ ਹਮਲਿਆਂ ਦਾ ਹੁਕਮ ਦਿੱਤਾ। ਅਧਿਕਾਰੀਆਂ ਮੁਤਾਬਕ ਹਮਲੇ ਦੀ ਜਲਦਬਾਜ਼ੀ ਕਾਰਨ ਟਾਰਗੇਟ ਤੈਅ ਕਰਨ ਲਈ ਬਹੁਤ ਘੱਟ ਸਮਾਂ ਮਿਲਿਆ।



ਈਰਾਨ-ਅਮਰੀਕਾ ਜੰਗ: ਏਆਈ 'ਕਿਲ ਚੇਨ' ਨੇ ਨਿਗਲ ਲਈ ਈਰਾਨ ਦੇ 123 ਮਾਸੂਮਾਂ ਦੀ ਜ਼ਿੰਦਗੀ,

**ਈਰਾਨ-ਅਮਰੀਕਾ ਜੰਗ: ਏਆਈ 'ਕਿਲ ਚੇਨ' ਨੇ ਨਿਗਲ ਲਈ ਈਰਾਨ ਦੇ 123 ਮਾਸੂਮਾਂ ਦੀ ਜ਼ਿੰਦਗੀ, ਤੋਂ ਕਿੱਥੇ ਹੋਈ ਚੂਕ? (ਜਾਰੀ)**

ਇਸ ਦੇ ਨਾਲ ਉਸ ਥਾਂ ਬਾਰੇ ਪੁਰਾਣੀ ਜਾਣਕਾਰੀ, ਨਾਗਰਿਕਾਂ ਦੀ ਸੁਰੱਖਿਆ ਕਰਨ ਵਾਲੀਆਂ ਟੀਮਾਂ 'ਚ ਕਟੌਤੀ ਤੇ ਆਰਟੀਫਿਸ਼ਲ ਇੰਟੈਲੀਜੈਂਸ ਤਕਨਾਲੋਜੀ 'ਤੇ ਬਹੁਤ ਜ਼ਿਆਦਾ ਨਿਰਭਰਤਾ ਕਾਰਨ ਇਹ ਜਾਨਲੇਵਾ ਗਲਤੀ ਹੋਈ। ਰਿਪੋਰਟਾਂ ਮੁਤਾਬਕ ਜੰਗ ਦੇ ਪਹਿਲੇ 24 ਘੰਟਿਆਂ 'ਚ ਅਮਰੀਕਾ ਨੇ ਈਰਾਨ ਦੇ 1,000 ਤੋਂ ਵੱਧ ਟਿਕਾਣਿਆਂ 'ਤੇ ਹਮਲੇ ਕੀਤੇ। ਮਿਨਾਬ ਦਾ ਸਕੂਲ ਵੀ ਇਨ੍ਹਾਂ 'ਚ ਸ਼ਾਮਲ ਸੀ। ਇਸ ਨੂੰ ਟਾਰਗੇਟ ਲਿਸਟ 'ਚ ਇਸ ਲਈ ਸ਼ਾਮਲ ਕੀਤਾ ਗਿਆ ਕਿਉਂਕਿ ਜਿਸ ਜ਼ਮੀਨ 'ਤੇ ਇਹ ਬਣਿਆ ਸੀ, ਉਸ ਨੂੰ ਅਮਰੀਕੀ ਫੌਜ ਕਈ ਸਾਲਾਂ ਤੋਂ 'ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕੋਰ' ਦਾ ਟਿਕਾਣਾ ਮੰਨਦੀ ਰਹੀ ਸੀ। ਪਰ ਜਾਂਚ 'ਚ ਸ਼ਾਮਲ ਅਧਿਕਾਰੀਆਂ ਨੇ ਪਾਇਆ ਕਿ ਇਸ ਗੱਲ ਦੇ ਸਪੱਸ਼ਟ ਸਬੂਤ ਮੌਜੂਦ ਸਨ ਕਿ ਉਸ ਥਾਂ 'ਚ ਬਦਲਾਅ ਕੀਤੇ ਗਏ ਸਨ ਤੇ ਉੱਥੇ ਸਕੂਲ ਬਣਾਇਆ ਗਿਆ ਸੀ। ਇਹ ਬਦਲਾਅ ਸੈਟੇਲਾਈਟ ਤਸਵੀਰਾਂ 'ਚ ਸਾਫ਼ ਦਿਖਾਈ ਦਿੰਦੇ ਸਨ ਤੇ ਇਹ ਤਸਵੀਰਾਂ ਲਗਭਗ 10 ਸਾਲ ਪੁਰਾਣੀਆਂ ਸਨ। ਅਧਿਕਾਰੀਆਂ ਮੁਤਾਬਕ ਇਹ ਥਾਂ ਖੁੱਲ੍ਹੇ ਤੌਰ 'ਤੇ ਸਕੂਲ ਵਜੋਂ ਚੱਲ ਰਹੀ ਸੀ। ਵਪਾਰਕ ਤੌਰ 'ਤੇ ਉਪਲਬਧ ਸੈਟੇਲਾਈਟ ਤਸਵੀਰਾਂ ਤੋਂ ਇਹ ਵੀ ਪਤਾ ਲੱਗਿਆ ਕਿ ਸਕੂਲ ਦੀ ਜਗ੍ਹਾ ਨੂੰ ਮਿਲਟਰੀ ਬੇਸ ਤੋਂ ਵੱਖ ਕਰਨ ਵਾਲੀਆਂ ਕੰਧਾਂ ਤੇ ਐਂਟਰੀ ਗੇਟ 2017 ਤੱਕ ਬਣ ਚੁੱਕੇ ਸਨ। 2018 ਦੀ ਇੱਕ ਤਸਵੀਰ 'ਚ ਚਮਕੀਲੇ ਰੰਗਾਂ ਵਾਲੀਆਂ ਕੰਧਾਂ, ਫੁੱਟਬਾਲ ਮੈਦਾਨ, ਅਸੈਂਬਲੀ ਏਰੀਆ ਤੇ ਬੱਚਿਆਂ ਦੀਆਂ ਗਤੀਵਿਧੀਆਂ ਲਈ ਬਣੇ ਨਿਸ਼ਾਨ ਦਿਖਾਈ ਦਿੰਦੇ ਸਨ। ਰਿਪੋਰਟ ਮੁਤਾਬਕ ਹਮਲੇ ਤੋਂ ਕਈ ਸਾਲ ਪਹਿਲਾਂ, 2019 'ਚ ਕੁਝ ਅਮਰੀਕੀ ਇੰਟੈਲੀਜੈਂਸ ਵਿਸ਼ਲੇਸ਼ਕਾਂ ਨੇ ਇਨ੍ਹਾਂ ਤਬਦੀਲੀਆਂ 'ਤੇ ਧਿਆਨ ਦਿੱਤਾ ਸੀ। ਉਨ੍ਹਾਂ ਨੇ ਇਸ ਬਾਰੇ ਜਾਣਕਾਰੀ ਇੱਕ ਅਜਿਹੇ ਸਿਸਟਮ 'ਚ ਦਰਜ ਕੀਤੀ ਸੀ, ਜੋ ਮੁੱਖ ਮਿਲਟਰੀ ਇੰਟੈਲੀਜੈਂਸ ਡੇਟਾਬੇਸ ਨਾਲ ਜੁੜਿਆ ਨਹੀਂ ਸੀ। ਇਸੇ ਮੁੱਖ ਡੇਟਾਬੇਸ ਦੀ ਵਰਤੋਂ ਟਾਰਗੇਟ ਤੈਅ ਕਰਨ ਲਈ ਕੀਤੀ ਜਾਂਦੀ ਸੀ। ਟਾਰਗੇਟ ਦੀ ਪਛਾਣ ਕਰਨ ਵਾਲੇ ਮੁੱਖ ਡੇਟਾਬੇਸ 'ਚ ਮਿਨਾਬ ਵਾਲੀ ਥਾਂ ਨੂੰ ਦਾ ਟਿਕਾਣਾ ਹੀ ਦੱਸਿਆ ਜਾਂਦਾ ਰਿਹਾ। ਜੂਨ 'ਚ 'ਨਿਊਯਾਰਕ ਟਾਈਮਜ਼' ਦੀ ਇੱਕ ਰਿਪੋਰਟ 'ਚ ਦੱਸਿਆ ਗਿਆ ਸੀ ਕਿ ਟਾਰਗੇਟ ਤੈਅ ਕਰਨ ਵਾਲੇ ਅਧਿਕਾਰੀਆਂ ਨੇ ਸੱਤ ਸਾਲ ਪੁਰਾਣੀਆਂ ਸੈਟੇਲਾਈਟ ਤਸਵੀਰਾਂ ਦੀ ਵਰਤੋਂ ਕੀਤੀ ਸੀ, ਜਿਨ੍ਹਾਂ 'ਚ ਸਕੂਲ ਦਿਖਾਈ ਨਹੀਂ ਦਿੰਦਾ ਸੀ। ਪੈਂਟਾਗਨ ਦੀ ਜਾਂਚ 'ਚ ਸ਼ਾਮਲ ਅਧਿਕਾਰੀਆਂ ਨੇ ਕਿਹਾ ਕਿ ਉਹ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਉਸ ਥਾਂ ਦੀ ਕਲਾਸੀਫਿਕੇਸ਼ਨ ਨੂੰ ਅਪਡੇਟ ਕਿਉਂ ਨਹੀਂ ਕੀਤਾ ਗਿਆ।

ਇਸ ਹਮਲੇ ਦੀ ਨਿਗਰਾਨੀ ਕਰਨ ਵਾਲੇ ਯੂਐਸ ਸੈਂਟਰਲ ਕਮਾਂਡ ਦੇ ਅਧਿਕਾਰੀਆਂ ਨੇ ਦੱਸਿਆ ਕਿ ਕੁਝ ਕਰਮਚਾਰੀ 'ਮੇਵਨ ਸਮਾਰਟ ਸਿਸਟਮ' 'ਚ ਮੌਜੂਦ ਏਆਈ 'ਤੇ ਬਹੁਤ ਜ਼ਿਆਦਾ ਨਿਰਭਰ ਸਨ। ਪੈਲੈਂਟਿਰ ਟੈਕਨੋਲੋਜੀਜ਼ ਵੱਲੋਂ ਵਿਕਸਤ ਇਹ ਏਆਈ-ਆਧਾਰਿਤ ਸਿਸਟਮ 150 ਤੋਂ ਵੱਧ ਵੱਖ-ਵੱਖ ਡੇਟਾ ਇਨਪੁਟ ਦੀ ਵਰਤੋਂ ਕਰਕੇ ਜਾਣਕਾਰੀ ਦਾ ਇੱਕ ਵਿਵਸਥਿਤ ਸੈੱਟ ਤਿਆਰ ਕਰਦਾ ਹੈ। ਇਹ ਕਮਾਂਡਰਾਂ ਨੂੰ ਟਾਰਗੇਟ ਤੈਅ ਕਰਨ ਤੋਂ ਲੈ ਕੇ ਕਮਾਂਡ ਤੇ ਕੰਟਰੋਲ ਤੱਕ ਮੁਸ਼ਕਲ ਫੌਜੀ ਕਾਰਵਾਈਆਂ ਬਾਰੇ ਫੈਸਲੇ ਲੈਣ 'ਚ ਮਦਦ ਕਰਦਾ ਹੈ। ਟਰੰਪ ਦੇ ਵ੍ਹਾਈਟ ਹਾਊਸ 'ਚ ਵਾਪਸੀ ਤੋਂ ਬਾਅਦ, ਜਾਂਚ 'ਚ ਪਾਇਆ ਗਿਆ ਕਿ ਅਮਰੀਕੀ ਰੱਖਿਆ ਵਿਭਾਗ ਨੇ 'ਮੇਵਨ' 'ਤੇ ਕਾਫ਼ੀ ਜ਼ਿਆਦਾ ਨਿਰਭਰਤਾ ਦਿਖਾਈ ਤੇ ਇਸ ਨੂੰ ਅਮਰੀਕੀ ਫੌਜੀ ਤੰਤਰ ਦਾ ਇੱਕ ਅਹਿਮ ਹਿੱਸਾ ਬਣਾ ਦਿੱਤਾ। ਖਬਰਾਂ ਮੁਤਾਬਕ ਅਮਰੀਕੀ ਫੌਜ ਦੇ ਕਈ ਸਾਬਕਾ ਸੀਨੀਅਰ ਅਧਿਕਾਰੀ ਹੁਣ ਮੇਵਨ ਦੀ ਮੂਲ ਕੰਪਨੀ ਲਈ ਕੰਮ ਕਰਦੇ ਹਨ ਤੇ ਉਨ੍ਹਾਂ ਦੀ ਭੂਮਿਕਾ ਸੁਰੱਖਿਅਤ ਫੌਜੀ ਮਾਹੌਲ 'ਚ ਇਸ ਸਾਫਟਵੇਅਰ ਨੂੰ ਚਾਲੂ ਰੱਖਣ ਨਾਲ ਜੁੜੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਕੁਝ ਫੌਜੀ ਕਰਮਚਾਰੀਆਂ ਨੂੰ ਉਮੀਦ ਸੀ ਕਿ ਏਆਈ-ਆਧਾਰਿਤ ਸਿਸਟਮ ਪੁਰਾਣੀ ਜਾਣਕਾਰੀ ਜਾਂ ਸੰਭਾਵਿਤ ਟਾਰਗੇਟ ਦਾ ਮੁਲਾਂਕਣ ਕਰਨ ਲਈ ਵਰਤੀ ਗਈ ਇੰਟੈਲੀਜੈਂਸ 'ਚ ਮੌਜੂਦ ਗਲਤੀਆਂ ਦੀ ਪਛਾਣ ਕਰੇਗਾ ਤੇ ਉਨ੍ਹਾਂ ਨੂੰ ਚਿੰਨ੍ਹਿਤ ਕਰੇਗਾ। ਹਾਲਾਂਕਿ ਇਹ ਸਪੱਸ਼ਟ ਨਹੀਂ ਹੈ ਕਿ ਉਨ੍ਹਾਂ ਨੂੰ ਅਜਿਹੀ ਉਮੀਦ ਕਿਉਂ ਸੀ। ਮਿਨਾਬ ਘਟਨਾ ਤੋਂ ਬਾਅਦ ਖਬਰਾਂ ਮੁਤਾਬਕ ਪੈਲੈਂਟਿਰ ਨੇ ਆਪਣੀਆਂ ਸਮਰੱਥਾਵਾਂ 'ਚ ਬਦਲਾਅ ਕੀਤੇ ਹਨ, ਤਾਂ ਜੋ 'ਮੂਲ ਇੰਟੈਲੀਜੈਂਸ ਦੀ ਦੁਬਾਰਾ ਸਮੀਖਿਆ ਕਰਕੇ ਉਨ੍ਹਾਂ ਕਾਰਕਾਂ ਦੀ ਪਛਾਣ ਕੀਤੀ ਜਾ ਸਕੇ, ਜੋ ਕਿਸੇ ਟਾਰਗੇਟ ਨੂੰ ਅਯੋਗ ਠਹਿਰਾ ਸਕਦੇ ਹਨ ਤੇ ਉਨ੍ਹਾਂ ਗੜਬੜੀਆਂ ਤੇ ਗਲਤੀਆਂ ਨੂੰ ਚਿੰਨ੍ਹਿਤ ਕੀਤਾ ਜਾ ਸਕੇ, ਜਿਨ੍ਹਾਂ ਨੂੰ ਮਨੁੱਖੀ ਸਮੀਖਿਆ ਦੌਰਾਨ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ।' ਜੰਗ ਤੋਂ ਪਹਿਲਾਂ ਅਧਿਕਾਰੀਆਂ ਨੇ ਦੱਸਿਆ ਕਿ ਫੌਜ ਨੂੰ ਅਜਿਹੇ ਟਾਰਗੇਟਾਂ ਦੀ ਪਛਾਣ ਕਰਨ ਦਾ ਕੰਮ ਸੌਂਪਿਆ ਗਿਆ ਸੀ, ਜਿਨ੍ਹਾਂ 'ਤੇ ਹਮਲਾ ਕਰਕੇ ਈਰਾਨ ਦੀ ਫੌਜ ਨੂੰ ਨੁਕਸਾਨ ਪਹੁੰਚਾਇਆ ਜਾ ਸਕੇ, ਇਸ ਤੋਂ ਪਹਿਲਾਂ ਕਿ ਤਹਿਰਾਨ ਕੋਈ ਜਵਾਬੀ ਕਾਰਵਾਈ ਕਰ ਸਕੇ। ਉਨ੍ਹਾਂ ਦੀ ਲਿਸਟ 'ਚ ਸਭ ਤੋਂ ਉੱਪਰ ਦੇ ਨੇਵਲ ਡਿਵੀਜ਼ਨ ਨਾਲ ਜੁੜੀਆਂ ਥਾਵਾਂ ਸਨ, ਜਿਨ੍ਹਾਂ ਦਾ ਕੰਮ ਫਾਰਸ ਦੀ ਖਾੜੀ ਤੇ ਹੋਰਮੁਜ਼ ਜਲਡਮਰੂਮੱਧ ਦੀ ਰੱਖਿਆ ਕਰਨਾ ਤੇ ਕਈ ਵਾਰ ਉੱਥੇ ਰੁਕਾਵਟ ਪੈਦਾ ਕਰਨਾ ਹੈ। ਦੱਸਿਆ ਜਾਂਦਾ ਹੈ ਕਿ ਅਜਿਹੇ ਟਾਰਗੇਟਾਂ ਨੂੰ ਮਨਜ਼ੂਰੀ ਦੇਣ ਲਈ ਅਮਰੀਕੀ ਫੌਜ ਜਿਸ ਪ੍ਰਕਿਰਿਆ ਦੀ ਵਰਤੋਂ ਕਰਦੀ ਹੈ, ਉਸ ਨੂੰ 'ਕਿਲ ਚੇਨ' ਕਿਹਾ ਜਾਂਦਾ ਹੈ।

**ਈਰਾਨ-ਅਮਰੀਕਾ ਜੰਗ: ਏਆਈ 'ਕਿਲ ਚੇਨ' ਨੇ ਨਿਗਲ ਲਈ ਈਰਾਨ ਦੇ 123 ਮਾਸੂਮਾਂ ਦੀ ਜ਼ਿੰਦਗੀ, ਤੋਂ ਕਿੱਥੇ ਹੋਈ ਚੂਕ? (ਜਾਰੀ)**

ਆਮ ਤੌਰ 'ਤੇ ਇਸ ਪ੍ਰਕਿਰਿਆ 'ਚ ਇੰਟੈਲੀਜੈਂਸ ਵਿਸ਼ਲੇਸ਼ਕ, ਇਮੇਜ ਸਪੈਸ਼ਲਿਸਟ, ਟਾਰਗੇਟ ਤੈਅ ਕਰਨ ਵਾਲੇ ਅਧਿਕਾਰੀ, ਵਕੀਲ, ਕਮਾਂਡਰ ਤੇ ਹਥਿਆਰ ਚਲਾਉਣ ਵਾਲੇ ਕਰਮਚਾਰੀਆਂ ਦੀ ਇੱਕ ਲੰਮੀ ਲੜੀ ਸ਼ਾਮਲ ਹੁੰਦੀ ਸੀ। ਪਰ ਹੁਣ ਇਨ੍ਹਾਂ ਕਾਰਵਾਈਆਂ 'ਚ ਫੈਸਲਾ ਲੈਣ ਦੇ ਕੰਮ 'ਚ 'ਮੇਵਨ' ਏਆਈ ਸਾਫਟਵੇਅਰ ਦੀ ਵਰਤੋਂ ਕੀਤੀ ਜਾਂਦੀ ਹੈ। ਸ਼ੁਰੂਆਤੀ ਇੰਟੈਲੀਜੈਂਸ ਇਨਪੁਟ ਤੋਂ ਲੈ ਕੇ ਬਾਅਦ ਦੇ ਰਿਵਿਊ ਪੜਾਅ ਤੱਕ, ਅਧਿਕਾਰੀਆਂ ਮੁਤਾਬਕ ਏਆਈ ਟੂਲ ਨੇ ਉਹ ਕੰਮ ਕੁਝ ਮਿੰਟਾਂ 'ਚ ਪੂਰਾ ਕਰਨ 'ਚ ਮਦਦ ਕੀਤੀ, ਜਿਸ 'ਚ ਪਹਿਲਾਂ ਕਈ ਘੰਟੇ ਲੱਗਦੇ ਸਨ। ਮਿਨਾਬ ਸ਼ਹਿਰ ਤਹਿਰਾਨ ਤੋਂ ਲਗਭਗ 800 ਮੀਲ ਦੱਖਣ 'ਚ, ਰਣਨੀਤਕ ਤੌਰ 'ਤੇ ਮਹੱਤਵਪੂਰਨ ਹੋਰਮੁਜ਼ ਜਲਡਮਰੂਮੱਧ ਦੇ ਨੇੜੇ ਸਥਿਤ ਹੈ। ਲਗਭਗ 76,000 ਦੀ ਆਬਾਦੀ ਵਾਲੇ ਇਸ ਸ਼ਹਿਰ 'ਚ ਰਿਹਾਇਸ਼ੀ ਇਲਾਕਿਆਂ ਦੇ ਨਾਲ-ਨਾਲ ਫੌਜੀ ਟਿਕਾਣੇ ਵੀ ਹਨ। ਇਸ ਇਲਾਕੇ 'ਚ ਕਈ ਮਿਜ਼ਾਈਲ, ਨੇਵੀ ਤੇ ਲੌਜਿਸਟਿਕਸ ਨਾਲ ਜੁੜੀਆਂ ਸਹੂਲਤਾਂ ਚਲਾਉਂਦਾ ਹੈ। ਸ਼ਜਰਾਹ ਤੈਯਬੇਹ ਐਲੀਮੈਂਟਰੀ ਸਕੂਲ ਲਗਭਗ ਇੱਕ ਦਹਾਕਾ ਪਹਿਲਾਂ ਉਸ ਜ਼ਮੀਨ 'ਤੇ ਬਣਾਇਆ ਗਿਆ ਸੀ, ਜਿਸ 'ਤੇ ਪਹਿਲਾਂ ਦੀ ਨੇਵੀ ਯੂਨਿਟ ਦਾ ਕਬਜ਼ਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਆਖ਼ਰਕਾਰ ਇਹ ਉਨ੍ਹਾਂ ਟਾਰਗੇਟਾਂ ਵਿੱਚੋਂ ਇੱਕ ਵਜੋਂ ਸਾਹਮਣੇ ਆਇਆ, ਜਿਨ੍ਹਾਂ ਦੀ ਪਹਿਲੇ ਦਿਨ ਹੀ ਹਮਲੇ ਲਈ ਸਿਫਾਰਸ਼ ਕੀਤੀ ਗਈ ਸੀ। ਹਾਲਾਂਕਿ ਸਮੇਂ ਸਿਰ ਮਨੁੱਖੀ ਦਖਲ ਨਾਲ ਇਸ ਤ੍ਰਾਸਦੀ ਨੂੰ ਟਾਲਿਆ ਜਾ ਸਕਦਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਪੈਂਟਾਗਨ ਦੀਆਂ ਨਾਗਰਿਕਾਂ ਨੂੰ ਨੁਕਸਾਨ ਤੋਂ ਬਚਾਉਣ ਵਾਲੀਆਂ ਜ਼ਿਆਦਾਤਰ ਯੂਨਿਟਾਂ ਨੂੰ ਖਤਮ ਕਰ ਦਿੱਤਾ ਹੈ। ਇਸ ਨਾਲ ਕਰਮਚਾਰੀਆਂ ਦੀ ਗਿਣਤੀ 'ਚ ਲਗਭਗ 90 ਫੀਸਦੀ ਕਟੌਤੀ ਹੋਈ ਤੇ ਹੁਣ 20 ਤੋਂ ਵੀ ਘੱਟ ਕਰਮਚਾਰੀ ਬਚੇ ਹਨ। 'ਚ ਟੀਮ ਦੇ ਮੈਂਬਰਾਂ ਦੀ ਗਿਣਤੀ 10 ਤੋਂ ਘਟਾ ਕੇ ਇੱਕ ਕਰ ਦਿੱਤੀ ਗਈ ਸੀ। ਅਧਿਕਾਰੀਆਂ ਨੇ ਦੱਸਿਆ ਕਿ ਹਮਲੇ ਤੋਂ ਪਹਿਲਾਂ ਕਿਸੇ ਵੀ ਨਾਗਰਿਕ-ਸੁਰੱਖਿਆ ਮਾਹਿਰ ਨੇ ਮਿਨਾਬ ਸਾਈਟ ਦੀ ਸਮੀਖਿਆ ਨਹੀਂ ਕੀਤੀ ਸੀ। ਅਜਿਹੀ ਸਮੀਖਿਆ ਲਾਜ਼ਮੀ ਨਹੀਂ ਸੀ, ਪਰ ਉਨ੍ਹਾਂ ਮੁਤਾਬਕ ਇਸ ਨਾਲ ਨਾਗਰਿਕਾਂ ਦੇ ਹਤਾਹਤ ਹੋਣ ਦਾ ਖ਼ਤਰਾ ਘੱਟ ਕੀਤਾ ਜਾ ਸਕਦਾ ਸੀ। ਹਾਲ ਹੀ 'ਚ ਸੰਯੁਕਤ ਰਾਸ਼ਟਰ ਦੀ ਇੱਕ ਜਾਂਚ 'ਚ ਪਾਇਆ ਗਿਆ ਕਿ ਇਹ ਮੰਨਣ ਲਈ ਠੋਸ ਆਧਾਰ ਹਨ ਕਿ ਮਿਨਾਬ 'ਚ ਹੋਇਆ ਹਮਲਾ ਤੇ ਉਸੇ ਦਿਨ ਈਰਾਨ 'ਚ ਅਮਰੀਕਾ ਵੱਲੋਂ ਕੀਤਾ ਗਿਆ ਇੱਕ ਹੋਰ ਹਮਲਾ ਜੰਗੀ ਅਪਰਾਧ ਦੀ ਸ਼੍ਰੇਣੀ 'ਚ ਆ ਸਕਦੇ ਹਨ। ਰਿਪੋਰਟ 'ਚ ਕਿਹਾ ਗਿਆ ਕਿ ਅਮਰੀਕਾ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨ ਦੀ ਆਪਣੀ ਜ਼ਿੰਮੇਵਾਰੀ ਨਿਭਾਉਣ 'ਚ ਅਸਫਲ ਰਿਹਾ ਕਿ ਸਕੂਲ ਇੱਕ ਫੌਜੀ ਟਾਰਗੇਟ ਸੀ। ਰਿਪੋਰਟ ਮੁਤਾਬਕ ਇਹ ਨਾਕਾਮੀ 'ਲਾਪਰਵਾਹੀ ਤੋਂ ਵੀ ਕਿਤੇ ਵੱਧ' ਸੀ।

ਵਿਸ਼ਵ

## ਬਾਰੇ ਖੁਲਾਸਾ, ਦੀ ਲੜਾਈ 'ਚ ਭਗੌੜੇ ਐੱਸਐੱਸਪੀ ਰਾਜ ਜੀਤ ਨੇ ਕਿਉਂ ਫਸਾਇਆ ?

ਬਾਰੇ ਖੁਲਾਸਾ, ਦੀ ਲੜਾਈ 'ਚ ਭਗੌੜੇ ਐੱਸਐੱਸਪੀ ਰਾਜ ਜੀਤ ਨੇ ਕਿਉਂ ਫਸਾਇਆ ?

ਰਾਜਜੀਤ ਸਿੰਘ ਹੁੰਦਲ ਪੰਜਾਬ ਪੁਲੀਸ ਦਾ ਇੱਕ ਬਰਖ਼ਾਸਤ ਅਧਿਕਾਰੀ ਹੈ, ਜੋ 2019 ਵਿੱਚ ਨਸ਼ਾ ਤਸਕਰੀ ਅਤੇ ਜਬਰਨ ਵਸੂਲੀ ਦੇ ਰੈਕਟ ਨਾਲ ਕਥਿਤ ਸਬੰਧਾਂ ਕਾਰਨ ਨੌਕਰੀ ਤੋਂ ਬਰਖ਼ਾਸਤ ਕੀਤੇ ਜਾਣ ਤੋਂ ਪਹਿਲਾਂ ਏ.ਆਈ.ਜੀ. (ਸਹਾਇਕ ਇੰਸਪੈਕਟਰ ਜਨਰਲ) ਦੇ ਅਹੁਦੇ ਤੱਕ ਪਹੁੰਚਿਆ ਸੀ। ਇਹ ਇੱਕ ਅਜਿਹਾ ਮਾਮਲਾ ਸੀ ਜਿਸ ਨੇ ਸਾਲਾਂ ਤੱਕ ਉਸ ਨੂੰ ਪੰਜਾਬ ਦੇ ਪੁਲੀਸ-ਨਸ਼ਾ ਮਾਫ਼ੀਆ ਗਠਜੋੜ ਦੀ ਜਾਂਚ ਦੇ ਕੇਂਦਰ ਵਿੱਚ ਰੱਖਿਆ।

ਮੁੱਖ ਮੰਤਰੀ ਭਗਵੰਤ ਮਾਨ ਦੇ ਅਧੀਨ ਸੱਤਾਧਾਰੀ 'ਆਪ' ਸਰਕਾਰ ਨੇ ਆਪਣੀ ਨਸ਼ਾ ਵਿਰੋਧੀ ਮੁਹਿੰਮ ਨੂੰ ਆਪਣੇ ਰਿਕਾਰਡ ਦਾ ਕੇਂਦਰੀ ਥੰਮ੍ਹ ਬਣਾਇਆ ਹੈ, ਜ਼ਬਤੀਆਂ ਅਤੇ ਅਧਿਕਾਰੀਆਂ ਨੂੰ ਨੌਕਰੀ ਤੋਂ ਬਰਖ਼ਾਸਤ ਕਰਨ ਦੇ ਅੰਕੜਿਆਂ ਦਾ ਅਕਸਰ ਹਵਾਲਾ ਦਿੰਦੀ ਹੈ ਕਿ ਇਹ 2022 ਦੇ ਮੁੱਖ ਚੋਣ ਵਾਅਦੇ ਨੂੰ ਪੂਰਾ ਕਰ ਰਹੀ ਹੈ। ਰਾਜਜੀਤ ਸਿੰਘ ਦੀ ਗ੍ਰਿਫ਼ਤਾਰੀ—ਸੂਬੇ ਦੇ ਸਭ ਤੋਂ ਲੰਬੇ ਸਮੇਂ ਤੱਕ ਚੱਲੇ ਭਗੌੜੇ ਮਾਮਲਿਆਂ ਵਿੱਚੋਂ ਇੱਕ ਦਾ ਹੱਲ ਅਤੇ ਸਿੱਧੇ ਤੌਰ 'ਤੇ ਪੁਲੀਸ-ਨਸ਼ਾ ਗਠਜੋੜ ਦੀ ਜਾਂਚ ਨਾਲ ਜੁੜੀ ਹੋਈ ਹੈ—ਪਾਰਟੀ ਨੂੰ ਉਸ ਮੁਹਿੰਮ ਦਾ ਇੱਕ ਉੱਚ-ਦਿੱਖ ਮਾਰਕਰ ਪੇਸ਼ ਕਰਦੀ ਹੈ, ਜਦੋਂ ਸੁਪਰੀਮ ਕੋਰਟ ਨੇ ਖ਼ੁਦ ਪੰਜਾਬ ਨੂੰ ਉਸ ਨੂੰ ਲੱਭਣ ਦੇ ਯਤਨਾਂ ਦਾ ਹਿਸਾਬ ਦੇਣ ਲਈ ਜ਼ੋਰ ਦਿੱਤਾ ਸੀ।

ਕਾਂਗਰਸ ਅਤੇ ਅਕਾਲੀ ਦਲ ਸਮੇਤ ਵਿਰੋਧੀ ਪਾਰਟੀਆਂ ਇਹ ਦਲੀਲ ਦੇ ਸਕਦੀਆਂ ਹਨ ਕਿ ਇਹ ਮਾਮਲਾ 'ਆਪ' ਦੇ ਸੱਤਾ ਵਿੱਚ ਆਉਣ ਤੋਂ ਸਾਲਾਂ ਪਹਿਲਾਂ ਸ਼ੁਰੂ ਹੋਇਆ ਸੀ ਅਤੇ ਰਾਜਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਿੱਚ ਹੋਈ ਦੇਰੀ—ਜਿਸ ਵਿੱਚ ਐੱਸ.ਟੀ.ਐੱਫ. ਅਤੇ ਵਿਜੀਲੈਂਸ ਬਿਊਰੋ ਦੀ ਪਕੜ ਤੋਂ ਉਸ ਦਾ ਵਾਰ-ਵਾਰ ਬਚ ਕੇ ਨਿਕਲਣਾ ਸ਼ਾਮਲ ਹੈ—ਸਰਕਾਰ ਦੇ ਸਖ਼ਤ ਕਾਰਵਾਈ ਦੇ ਦਾਅਵਿਆਂ ਨੂੰ ਕਮਜ਼ੋਰ ਕਰਦੀ ਹੈ।

ਨਿਰੰਜਨ ਸਿੰਘ ਦਾ ਖ਼ੁਦ 'ਵਾਰਿਸ ਪੰਜਾਬ ਦੇ' ਵਿੱਚ ਦਾਖਲ ਹੋਣਾ ਇੱਕ ਹੋਰ ਪਰਤ ਜੋੜਦਾ ਹੈ, ਜਿਸ ਨਾਲ ਪਾਰਟੀ ਨਸ਼ਾ-ਜਾਂਚ ਦੇ ਕ੍ਰੈਕਡਾਊਨ ਨਾਲ ਜੁੜੇ ਅਧਿਕਾਰੀ ਦੀ ਭਰੋਸੇਯੋਗਤਾ ਦਾ ਦਾਅਵਾ ਕਰਨ ਲਈ ਸਥਿਤੀ ਵਿੱਚ ਆਉਂਦੀ ਹੈ ਭਾਵੇਂ 'ਆਪ' ਸਿੰਘ ਦੀ ਗ੍ਰਿਫ਼ਤਾਰੀ ਨੂੰ ਆਪਣੀ ਪ੍ਰਾਪਤੀ ਵਜੋਂ ਪ੍ਰਚਾਰ ਕਰਦੀ ਹੈ।

ਰਾਜਜੀਤ ਸਿੰਘ ਦੀਆਂ ਮੁਸ਼ਕਲਾਂ ਉਸ ਸਮੇਂ ਸ਼ੁਰੂ ਹੋਈਆਂ ਜਦੋਂ ਉਸਨੇ ਤਰਨਤਾਰਨ ਅਤੇ ਬਾਅਦ ਵਿੱਚ ਮੋਗਾ ਵਿੱਚ ਐੱਸ.ਐੱਸ. ਪੀ. ਵਜੋਂ ਸੇਵਾ ਨਿਭਾਈ, ਜਿੱਥੇ ਉਸ ਨੇ ਇੰਸਪੈਕਟਰ ਇੰਦਰਜੀਤ ਸਿੰਘ ਦੀ ਨਿਗਰਾਨੀ ਕੀਤੀ ਸੀ—ਜਿਸ ਨੂੰ 2017 ਵਿੱਚ ਪਾਕਿਸਤਾਨ ਤੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ,



ਬਾਰੇ ਖੁਲਾਸਾ, ਦੀ ਲੜਾਈ 'ਚ ਭਗੌੜੇ ਐੱਸਐੱਸਪੀ ਰਾਜ ਜੀਤ ਨੇ ਕਿਉਂ ਫਸਾਇਆ ?

**ਬਾਰੇ ਖੁਲਾਸਾ, ਦੀ ਲੜਾਈ 'ਚ ਭਗੌੜੇ ਐੱਸਐੱਸਪੀ ਰਾਜ ਜੀਤ ਨੇ ਕਿਉਂ ਫਸਾਇਆ ? (ਜਾਰੀ)**

ਬਰਾਮਦ ਕੀਤੇ ਨਸ਼ੀਲੇ ਪਦਾਰਥਾਂ ਨੂੰ ਮੁੜ ਵੇਚਣ ਲਈ ਅੱਗੇ ਵੇਚਣ ਅਤੇ ਪੈਸੇ ਵਸੂਲਣ ਲਈ ਬੇਕਸੂਰ ਲੋਕਾਂ 'ਤੇ ਨਸ਼ੇ ਪਾਉਣ ਦੇ ਦੋਸ਼ਾਂ ਵਿੱਚ ਫੋਰਸ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ।

ਨਸ਼ੇ ਦੀ ਲਤ ਬਾਰੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਇੱਕ ਪੀ.ਆਈ.ਐਲ. (ਜਨਹਿਤ ਪਟੀਸ਼ਨ) ਕਾਰਨ ਦਸੰਬਰ 2017 ਵਿੱਚ ਤਤਕਾਲੀ ਡੀ.ਜੀ.ਪੀ. ਸਿਧਾਰਥ ਚੱਟੋਪਧਿਆਏ ਦੀ ਅਗਵਾਈ ਹੇਠ ਤਿੰਨ ਮੈਂਬਰੀ ਐਸ.ਆਈ.ਟੀ. ਦਾ ਗਠਨ ਕੀਤਾ ਗਿਆ ਸੀ, ਤਾਂ ਜੋ ਇੰਦਰਜੀਤ ਦੇ ਆਚਰਣ ਅਤੇ ਇਸ ਵਿੱਚ ਸਿੰਘ ਦੀ ਕਥਿਤ ਮਿਲੀਭੁਗਤ ਦੀ ਜਾਂਚ ਕੀਤੀ ਜਾ ਸਕੇ।

ਰਾਜਜੀਤ ਸਿੰਘ ਖ਼ਿਲਾਫ਼ ਇਹ ਕੇਸ ਏ.ਡੀ.ਜੀ.ਪੀ. ਹਰਪ੍ਰੀਤ ਸਿੰਘ ਸਿੱਧੂ ਵੱਲੋਂ ਦਰਜ ਕੀਤਾ ਗਿਆ ਸੀ, ਜੋ ਪੰਜਾਬ ਦੀ ਨਸ਼ਿਆਂ ਵਿਰੁੱਧ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਦੀ ਅਗਵਾਈ ਕਰਦੇ ਸਨ। ਇਹ ਸਿੱਧੂ ਦੀ ਐਸ.ਟੀ.ਐਫ. ਸੀ ਜਿਸ ਨੇ ਸਭ ਤੋਂ ਪਹਿਲਾਂ ਨਸ਼ਾ ਤਸਕਰੀ ਅਤੇ ਬਰਾਮਦਗੀ ਨਾਲ ਛੇੜਛਾੜ ਕਰਨ ਲਈ ਇੰਦਰਜੀਤ ਸਿੰਘ ਖ਼ਿਲਾਫ਼ ਐਫ.ਆਈ.ਆਰ. ਦਰਜ ਕੀਤੀ ਸੀ। ਇਹ ਉਹ ਮਾਮਲਾ ਸੀ ਜਿਸ ਵਿੱਚ ਰਾਜਜੀਤ ਸਿੰਘ ਨੂੰ ਬਾਅਦ ਵਿੱਚ ਸਹਿ-ਦੋਸ਼ੀ ਵਜੋਂ ਨਾਮਜ਼ਦ ਕੀਤਾ ਗਿਆ ਸੀ।

ਰਾਜਜੀਤ ਸਿੰਘ ਨੇ ਖ਼ਾਸ ਤੌਰ 'ਤੇ ਸਿੱਧੂ ਨੂੰ ਛੱਡ ਕੇ ਇੱਕ ਐਸ.ਆਈ.ਟੀ. ਜਾਂਚ ਦੀ ਮੰਗ ਕੀਤੀ ਸੀ, ਅਤੇ ਅਦਾਲਤ ਨੂੰ ਐਸ.ਟੀ.ਐਫ. ਮੁਖੀ ਤੋਂ ਇਲਾਵਾ ਕਿਸੇ ਹੋਰ ਅਧਿਕਾਰੀ ਦੁਆਰਾ ਸੁਤੰਤਰ ਜਾਂਚ ਕਰਨ ਲਈ ਕਿਹਾ ਸੀ—ਇੱਕ ਅਜਿਹੀ ਬੇਨਤੀ ਜੋ ਖ਼ੁਦ ਰਿਕਾਰਡ ਦਾ ਹਿੱਸਾ ਬਣ ਗਈ।

ਜੋ ਕਿ ਐਸ.ਆਈ.ਟੀ. ਦੀ ਰਿਪੋਰਟ ਵਿੱਚ ਸ਼ਾਮਲ ਸਨ, ਭ੍ਰਿਸ਼ਟਾਚਾਰ ਦੇ ਕੋਣ ਤੋਂ ਅੱਗੇ ਗਏ: ਉਸ ਨੇ ਕਿਹਾ ਕਿ ਸਿੰਘ, ਇੰਦਰਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਭਾਰਤ ਅਤੇ ਵਿਦੇਸ਼ਾਂ ਵਿੱਚ ਅਪਰਾਧ ਦੀ ਕਮਾਈ ਦਾ ਨਿਵੇਸ਼ ਕਰਨ ਲਈ ਵਿਅਕਤੀਆਂ ਅਤੇ ਕੰਪਨੀਆਂ ਦੀ ਵਰਤੋਂ ਕਰਨ ਦੀ ਜਾਂਚ ਕਰਨਾ ਜ਼ਰੂਰੀ ਸੀ—ਜੋ ਈ.ਡੀ. ਦੀ ਆਪਣੀ ਜਾਂਚ ਸ਼ੁਰੂ ਹੋਣ ਤੋਂ ਕਾਫ਼ੀ ਪਹਿਲਾਂ ਇਸ ਕੇਸ ਵਿੱਚ ਮਨੀ ਲਾਂਡਰਿੰਗ ਪਹਿਲੂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਜਾਗਰ ਕਰਦਾ ਹੈ।

ਫਰਵਰੀ ਅਤੇ ਮਈ 2018 ਦੇ ਵਿਚਕਾਰ ਪੇਸ਼ ਕੀਤੀਆਂ ਗਈਆਂ ਤਿੰਨ ਰਿਪੋਰਟਾਂ —ਜੋ ਲਗਪਗ ਪੰਜ ਸਾਲਾਂ ਤੱਕ ਅਦਾਲਤ ਦੁਆਰਾ ਸੀਲ ਰੱਖੀਆਂ ਗਈਆਂ, ਜਿਸ ਵਿੱਚ ਉਸਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਤੋਂ ਕੁਝ ਦਿਨ ਬਾਅਦ ਹੀ ਇੱਕ ਦੋਹਰੀ ਤਰੱਕੀ ਵੀ ਸ਼ਾਮਲ ਸੀ।

ਰਿਪੋਰਟਾਂ ਵਿੱਚ 2013 ਤੋਂ ਬਾਅਦ ਰਾਜਜੀਤ ਸਿੰਘ ਅਤੇ ਉਸ ਦੇ ਪਰਿਵਾਰ ਵੱਲੋਂ ਰੱਖੀ ਗਈ ਜਾਇਦਾਦ ਵਿੱਚ ਅਚਾਨਕ ਹੋਏ ਵਾਧੇ ਨੂੰ ਵੀ ਉਜਾਗਰ ਕੀਤਾ ਗਿਆ, ਅਤੇ ਰਿਸ਼ਤੇਦਾਰਾਂ ਵੱਲੋਂ "ਤੋਹਫ਼ੇ" ਵਜੋਂ ਦਿੱਤੇ ਗਏ ਪੈਸੇ ਦੀ ਹੋਰ ਜਾਂਚ ਕਰਨ ਦੀ ਸਿਫ਼ਾਰਸ਼ ਕੀਤੀ ਗਈ ਜਿਸਦੀ ਵਰਤੋਂ ਜਾਇਦਾਦ ਖਰੀਦਣ ਲਈ ਕੀਤੀ ਗਈ ਸੀ।

ਜਦੋਂ ਸੀਲਬੰਦ ਰਿਪੋਰਟਾਂ ਅਪਰੈਲ 2023 ਦੇ ਸ਼ੁਰੂ ਵਿੱਚ ਜਨਤਕ ਹੋਈਆਂ, ਤਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਸਰਕਾਰ ਦੇ ਨਸ਼ਾ ਵਿਰੋਧੀ ਪ੍ਰਣ ਦੇ ਤਹਿਤ ਕਾਰਵਾਈ ਕਰਦਿਆਂ 17 ਅਪਰੈਲ ਨੂੰ ਸਿੰਘ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ। ਕੁਝ ਦਿਨਾਂ ਦੇ ਅੰਦਰ ਦੋ ਮਾਮਲੇ ਸਾਹਮਣੇ ਆਏ: ਪਹਿਲਾ, ਐਸ.ਟੀ.ਐਫ. ਕੇਸ (19 ਅਪ੍ਰੈਲ, ਜਦੋਂ ਸਿੰਘ ਨੂੰ 2018 ਦੀ ਇੰਦਰਜੀਤ ਸਿੰਘ ਦੀ ਐਫ.ਆਈ.ਆਰ. ਵਿੱਚ ਅਪਰਾਧਿਕ ਸਾਜ਼ਿਸ਼, ਅਤੇ ਜਬਰਨ ਵਸੂਲੀ ਦੇ ਆਈ.ਪੀ.ਸੀ. ਭਾਗਾਂ ਅਤੇ ਐਨ.ਡੀ.ਪੀ.ਐਸ. ਐਕਟ ਦੇ ਤਹਿਤ ਸਹਿ-ਦੋਸ਼ੀ ਵਜੋਂ ਨਾਮਜ਼ਦ ਕੀਤਾ ਗਿਆ ਸੀ।

ਵਿਜੀਲੈਂਸ ਬਿਊਰੋ ਕੇਸ (20 ਅਪ੍ਰੈਲ, ਜਦੋਂ ਰਾਜਜੀਤ ਸਿੰਘ ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵੱਖਰੇ ਤੌਰ 'ਤੇ ਆਪਣੀ ਜਾਣੀ-ਪਛਾਣੀ ਆਮਦਨ ਤੋਂ ਵੱਧ ਜਾਇਦਾਦ ਰੱਖਣ ਦੇ ਦੋਸ਼ ਵਿੱਚ ਨਾਮਜ਼ਦ ਕੀਤਾ ਗਿਆ ਸੀ, ਜਿਸ ਵਿੱਚ ਐਫ.ਆਈ.ਆਰ. ਵਿੱਚ ਸ਼ੱਕੀ ਮੂਲ ਦੇ ਕਰਜ਼ਿਆਂ ਅਤੇ ਤੋਹਫ਼ਿਆਂ ਦੁਆਰਾ ਫੰਡ ਕੀਤੇ ਗਏ ਮੋਹਾਲੀ ਦੀ ਜਾਇਦਾਦ ਲਈ ਨਕਦ ਭੁਗਤਾਨ ਵੱਲ ਇਸ਼ਾਰਾ ਕੀਤਾ ਗਿਆ ਸੀ।

ਇਸ ਦੌਰਾਨ ਰਾਜਜੀਤ ਸਿੰਘ ਨੇ ਸੁਪਰੀਮ ਕੋਰਟ ਤੋਂ ਰਾਹਤ ਮੰਗੀ ਅਤੇ ਐਸ.ਆਈ.ਟੀ. ਦੀ ਰਿਪੋਰਟ ਜਨਤਕ ਹੋਣ ਤੋਂ ਬਾਅਦ ਲੁਕ ਕੇ ਸ਼ੁਰੂ ਵਿੱਚ ਗ੍ਰਿਫ਼ਤਾਰੀ ਤੋਂ ਬਚਿਆ। ਉਹ ਅਦਾਲਤੀ ਹੁਕਮਾਂ ਤਹਿਤ ਐਸ.ਆਈ.ਟੀ. ਜਾਂਚ ਵਿੱਚ ਸ਼ਾਮਲ ਹੋਣ ਲਈ ਅਕਤੂਬਰ 2023 ਵਿੱਚ ਥੋੜ੍ਹੇ ਸਮੇਂ ਲਈ ਸਾਹਮਣੇ ਆਇਆ—ਪਰ ਉਸੇ ਦਿਨ, ਹਾਈ ਕੋਰਟ ਨੇ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਉਸਦੀ ਜ਼ਮਾਨਤ ਰੱਦ ਕਰ ਦਿੱਤੀ ਅਤੇ ਵਿਜੀਲੈਂਸ ਬਿਊਰੋ ਦੇ ਗ੍ਰਿਫ਼ਤਾਰ ਕਰਨ ਤੋਂ ਪਹਿਲਾਂ ਰਾਜਜੀਤ ਸਿੰਘ ਐਸ.ਟੀ.ਐਫ. ਦਫ਼ਤਰ ਤੋਂ ਖਿਸਕ ਗਿਆ। ਉਹ ਉਸ ਤੋਂ ਬਾਅਦ ਕਈ ਸਾਲਾਂ ਤੱਕ ਭਗੌੜਾ ਰਿਹਾ, ਕਈ ਛਾਪੇਮਾਰੀਆਂ ਤੋਂ ਬਚਦਾ ਰਿਹਾ।

**ਬਾਰੇ ਖੁਲਾਸਾ, ਦੀ ਲੜਾਈ 'ਚ ਭਗੌੜੇ ਐੱਸਐੱਸਪੀ ਰਾਜ ਜੀਤ ਨੇ ਕਿਉਂ ਫਸਾਇਆ ? (ਜਾਰੀ)**

ਰਾਜਜੀਤ ਸਿੰਘ ਦਾ ਕੇਸ ਪੰਜਾਬ ਦੇ ਨਸ਼ੀਲੇ ਪਦਾਰਥਾਂ ਅਤੇ ਮਨੀ ਲਾਂਡਰਿੰਗ ਨੈੱਟਵਰਕਾਂ ਵਿੱਚ ਈ.ਡੀ. ਦੇ ਤਤਕਾਲੀ ਉਪ ਨਿਰਦੇਸ਼ਕ ਨਿਰੰਜਨ ਸਿੰਘ ਦੀ ਅਗਵਾਈ ਹੇਠ ਕੀਤੀ ਗਈ ਵਿਆਪਕ ਜਾਂਚ ਨਾਲ ਵੀ ਜੁੜਿਆ ਹੋਇਆ ਸੀ—ਇੱਕ ਅਜਿਹੀ ਜਾਂਚ ਜਿਸ ਦੇ ਨਤੀਜੇ ਵਜੋਂ ਅਰਜੁਨ ਪੁਰਸਕਾਰ ਜੇਤੂ ਪਹਿਲਵਾਨ ਤੋਂ ਨਸ਼ਾ ਤਸਕਰ ਬਣੇ ਡੀ.ਐਸ.ਪੀ. ਜਗਦੀਸ਼ ਸਿੰਘ "ਭੋਲਾ" ਨੂੰ ਬਰਖ਼ਾਸਤ ਕੀਤਾ ਗਿਆ। ਇਸ ਕੇਸ ਨੇ 2013 ਵਿੱਚ ਪਹਿਲੀ ਵਾਰ ਪੁਲੀਸ-ਨਸ਼ਾ ਗਠਜੋੜ ਵੱਲ ਕੌਮੀ ਧਿਆਨ ਖਿੱਚਿਆ ਸੀ, ਅਤੇ ਇਸ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਨਿਰੰਤਰ ਜਾਂਚ ਦੇ ਘੇਰੇ ਵਿੱਚ ਰੱਖਿਆ ਸੀ।

ਨਿਰੰਜਨ ਸਿੰਘ ਈ.ਡੀ. ਤੋਂ ਸੇਵਾਮੁਕਤ ਹੋ ਚੁੱਕੇ ਹਨ ਅਤੇ ਖਡੂਰ ਸਾਹਿਬ ਦੇ ਐਮ.ਪੀ. ਅੰਮ੍ਰਿਤਪਾਲ ਸਿੰਘ—ਜੋ ਖ਼ੁਦ ਪਿਛਲੇ ਤਿੰਨ ਸਾਲਾਂ ਤੋਂ ਐਨ.ਐਸ.ਏ. ਤਹਿਤ ਜੇਲ੍ਹ ਵਿੱਚ ਹਨ—ਦੀ ਅਗਵਾਈ ਵਾਲੀ ਪਾਰਟੀ ਅਕਾਲੀ ਦਲ (ਵਾਰਿਸ ਪੰਜਾਬ ਦੇ) ਵਿੱਚ ਸ਼ਾਮਲ ਹੋ ਗਏ ਹਨ।

ਸਤੰਬਰ 2026 ਵਿੱਚ, ਰਾਜਜੀਤ ਸਿੰਘ ਦੇ ਵਕੀਅ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਸਦਾ ਮੁਵੱਕਿਲ ਆਤਮ ਸਮਰਪਣ ਕਰਨ ਲਈ ਤਿਆਰ ਹੈ, ਅਤੇ ਬੈਂਚ ਨੇ ਉਸਨੂੰ ਅਜਿਹਾ ਕਰਨ ਦਾ ਨਿਰਦੇਸ਼ ਦਿੱਤਾ, ਜਿਸ ਨਾਲ ਉਸਦੇ ਅੰਤ ਆਤਮ ਸਮਰਪਣ ਦਾ ਰਸਤਾ ਸਾਫ਼ ਹੋ ਗਿਆ।

ਦੇਸ਼

## ਸਾਊਦੀ ਅਰਬ ਦੀ ਜੇਲ੍ਹ ਵਿੱਚ ਬੰਦ ਬਲਜਿੰਦਰ ਸਿੰਘ ਨੂੰ ਮੌਤ ਦੀ ਸਜ਼ਾ, ਪਰਿਵਾਰ ਲਗਾ ਰਿਹਾ ਹੈ ਮਦਦ ਦੀ ਗੁਹਾਰ - ਪੰਜਾਬੀ

"ਸਾਡੇ ਪੁੱਤ ਨੂੰ ਹੁਣ ਮੋਦੀ ਸਰਕਾਰ ਅਤੇ ਖ਼ੁਦ ਮੋਦੀ ਹੀ ਬਚਾ ਸਕਦੇ ਹਨ, ਬਾਕੀ ਸਾਰੇ ਰਾਹ ਬੰਦ ਹੋ ਚੁੱਕੇ ਹਨ। ਅਸੀਂ ਸਾਰੀਆਂ ਅਦਾਲਤਾਂ, ਇੱਥੋਂ ਤੱਕ ਕਿ ਸਾਊਦੀ ਅਰਬ ਦੀ ਸੁਪਰੀਮ ਕੋਰਟ ਤੱਕ ਕੋਸ਼ਿਸ਼ ਕਰ ਲਈ, ਪਰ ਉਸ ਦੀ ਸਜ਼ਾ ਬਰਕਰਾਰ ਹੈ।"

ਇਹ ਸ਼ਬਦ ਹਨ ਪਠਾਨਕੋਟ ਦੇ ਸੁਜਾਨਪੁਰ ਇਲਾਕੇ ਦੇ ਪਿੰਡ ਫਿਰੋਜ਼ਪੁਰ ਕਲਾਂ ਦੇ ਰਹਿਣ ਵਾਲੇ ਬਲਜਿੰਦਰ ਸਿੰਘ ਦੇ ਬਜ਼ੁਰਗ ਮਾਪਿਆਂ ਦੇ ਹਨ।

ਬਲਜਿੰਦਰ ਸਿੰਘ ਨੂੰ ਸਾਊਦੀ ਅਰਬ ਵਿੱਚ ਨਸ਼ੀਲੇ ਪਦਾਰਥਾਂ ਦੀ ਕਥਿਤ ਬਰਾਮਦਗੀ ਦੇ ਮਾਮਲੇ ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਹੈ। ਹੁਣ ਉਨ੍ਹਾਂ ਦਾ ਪਰਿਵਾਰ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਮਦਦ ਦੀ ਅਪੀਲ ਕਰ ਰਿਹਾ ਹੈ।

ਪੰਜਾਬ ਵਿੱਚ ਬਲਜਿੰਦਰ ਸਿੰਘ ਦੇ ਘਰ ਅੱਜਕੱਲ੍ਹ ਦੌਰਾਨ ਰਿਸ਼ਤੇਦਾਰਾਂ, ਪੱਤਰਕਾਰਾਂ ਅਤੇ ਹੋਰ ਲੋਕਾਂ ਦਾ ਲਗਾਤਾਰ ਆਉਣਾ-ਜਾਉਣਾ ਹੈ। ਘਰ ਵਿੱਚ ਉਸ ਦੇ ਬਜ਼ੁਰਗ ਮਾਤਾ-ਪਿਤਾ, ਪਤਨੀ ਅਤੇ ਦੋ ਛੋਟੇ ਬੱਚੇ ਹਨ। ਪਰਿਵਾਰ ਦੇ ਚਿਹਰਿਆਂ ਤੋਂ ਚਿੰਤਾ ਅਤੇ ਬੇਬਸੀ ਸਾਫ਼ ਨਜ਼ਰ ਆਉਂਦੀ ਹੈ।

ਪਰਿਵਾਰ ਮੁਤਾਬਕ ਬਲਜਿੰਦਰ ਸਿੰਘ ਸਾਲ 2024 ਤੋਂ ਸਾਊਦੀ ਅਰਬ ਦੀ ਜੇਲ੍ਹ ਵਿੱਚ ਬੰਦ ਹਨ। ਇਸ ਤੋਂ ਪਹਿਲਾਂ ਉਹ 2017 ਤੋਂ ਦੁਬਈ ਵਿੱਚ ਰੁਜ਼ਗਾਰ ਲਈ ਰਹਿ ਰਹੇ ਸੀ ਅਤੇ ਟਰੱਕ ਡਰਾਈਵਰ ਵਜੋਂ ਕੰਮ ਕਰਦੇ ਸੀ।

ਪਰਿਵਾਰ ਦੱਸਦਾ ਹੈ ਕਿ 2023 ਵਿੱਚ ਛੁੱਟੀ ਕੱਟਣ ਤੋਂ ਬਾਅਦ ਉਹ ਮੁੜ ਵਿਦੇਸ਼ ਗਏ ਸੀ।

ਪਰਿਵਾਰ ਮੁਤਾਬਕ 6 ਫਰਵਰੀ 2024 ਨੂੰ ਬਲਜਿੰਦਰ ਸਿੰਘ ਦੁਬਈ ਤੋਂ ਟਰੱਕ ਲੈ ਕੇ ਸਾਊਦੀ ਅਰਬ ਜਾ ਰਹੇ ਸੀ। ਸਾਊਦੀ ਅਰਬ ਦੀ ਸਰਹੱਦ ਤੋਂ ਪਹਿਲਾਂ ਜਿੱਥੇ ਉਹ ਕੁਝ ਸਮੇਂ ਲਈ ਰੁਕਿਆ, ਉੱਥੇ ਇੱਕ ਵਿਅਕਤੀ ਨੇ ਉਸ ਨੂੰ ਸਾਊਦੀ ਅਰਬ ਵਿੱਚ ਰਹਿੰਦੇ ਆਪਣੇ ਬਜ਼ੁਰਗ ਪਿਤਾ ਦੀ ਵੀਡੀਓ ਦਿਖਾਈ ਅਤੇ ਦਵਾਈ ਦਾ ਇੱਕ ਪੈਕੇਟ ਉੱਥੇ ਪਹੁੰਚਾਉਣ ਦੀ ਬੇਨਤੀ ਕੀਤੀ।

ਪਰਿਵਾਰ ਦਾ ਕਹਿਣਾ ਹੈ ਕਿ ਬਲਜਿੰਦਰ ਨੇ ਬਿਮਾਰ ਬਜ਼ੁਰਗ ਤੱਕ ਦਵਾਈ ਪਹੁੰਚਾਉਣ ਲਈ ਪੈਕੇਟ ਲੈ ਲਿਆ।

ਹਾਲਾਂਕਿ ਦੁਬਈ-ਸਾਊਦੀ ਸਰਹੱਦ 'ਤੇ ਟਰੱਕ ਦੀ ਤਲਾਸ਼ੀ ਦੌਰਾਨ ਉਸ ਪੈਕੇਟ ਵਿੱਚੋਂ ਕਥਿਤ ਤੌਰ 'ਤੇ ਨਸ਼ੀਲੇ ਪਦਾਰਥ ਬਰਾਮਦ ਹੋਏ, ਜਿਸ ਤੋਂ ਬਾਅਦ ਬਲਜਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਪਰਿਵਾਰ ਮੁਤਾਬਕ ਇਸ ਮਾਮਲੇ ਵਿੱਚ ਉਹ ਵਿਅਕਤੀ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਨੇ ਸਾਊਦੀ ਅਰਬ ਵਿੱਚ ਪੈਕੇਟ ਲੈਣ ਆਉਣਾ ਸੀ। ਪਰਿਵਾਰ ਦਾ ਕਹਿਣਾ ਹੈ ਕਿ ਮਾਮਲੇ ਦੀ ਸੁਣਵਾਈ ਦੌਰਾਨ ਉਸ ਨੂੰ ਵੀ ਮੌਤ ਦੀ ਸਜ਼ਾ ਸੁਣਾਈ ਗਈ।

ਬਲਜਿੰਦਰ ਦੇ ਪਿਤਾ ਜਸਵਿੰਦਰ ਸਿੰਘ ਦੱਸਦੇ ਹਨ ਕਿ ਉਨ੍ਹਾਂ ਦਾ ਪਰਿਵਾਰ ਪਹਿਲਾਂ ਆਮ ਤਰੀਕੇ ਨਾਲ ਖੁਸ਼ਹਾਲ ਜ਼ਿੰਦਗੀ ਜਿਉਂ ਰਿਹਾ ਸੀ। ਉਨ੍ਹਾਂ ਦੇ ਦੋ ਪੁੱਤਰ ਹਨ ਅਤੇ ਦੋਵੇਂ ਵਿਦੇਸ਼ ਵਿੱਚ ਕੰਮ ਕਰਦੇ ਹਨ। ਪਰਿਵਾਰ ਆਪਣੇ ਆਪ ਨੂੰ ਅੰਮ੍ਰਿਤਧਾਰੀ ਗੁਰਸਿੱਖ ਪਰਿਵਾਰ ਦੱਸਦਾ ਹੈ।

ਪਰ ਹੁਣ ਬਲਜਿੰਦਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੂਰੇ ਪਰਿਵਾਰ ਦੀ ਜ਼ਿੰਦਗੀ ਬਦਲ ਗਈ ਹੈ। ਜਸਵਿੰਦਰ ਸਿੰਘ ਦਾ ਕਹਿਣਾ ਹੈ, "ਅਸੀਂ ਵੱਖ-ਵੱਖ ਅਦਾਲਤਾਂ ਵਿੱਚ ਮਾਮਲਾ ਲੜਨ ਦੀ ਕੋਸ਼ਿਸ਼ ਕੀਤੀ ਅਤੇ ਹੁਣ ਸੁਪਰੀਮ ਕੋਰਟ ਵੱਲੋਂ ਵੀ ਮੌਤ ਦੀ ਸਜ਼ਾ ਬਰਕਰਾਰ ਰੱਖੀ ਜਾ ਚੁੱਕੀ ਹੈ।"

ਬਲਜਿੰਦਰ ਦੀ ਪਤਨੀ ਸੁਨੀਲ ਲਤਾ ਦੱਸਦੇ ਹਨ ਕਿ ਜਿਸ ਦਿਨ ਤੋਂ ਉਨ੍ਹਾਂ ਦੇ ਪਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਘਰ ਦੀ ਸਥਿਤੀ ਬਦਲ ਗਈ ਹੈ।

**ਸਾਊਦੀ ਅਰਬ ਦੀ ਜੇਲ੍ਹ ਵਿੱਚ ਬੰਦ ਬਲਜਿੰਦਰ ਸਿੰਘ ਨੂੰ ਮੌਤ ਦੀ ਸਜ਼ਾ, ਪਰਿਵਾਰ ਲਗਾ ਰਿਹਾ ਹੈ ਮਦਦ ਦੀ ਗੁਹਾਰ - ਪੰਜਾਬੀ (ਜਾਰੀ)**

ਹਾਲਾਂਕਿ ਹਫ਼ਤੇ ਵਿੱਚ ਇੱਕ-ਦੋ ਵਾਰ ਜੇਲ੍ਹ ਤੋਂ ਬਲਜਿੰਦਰ ਦਾ ਫੋਨ ਆ ਜਾਂਦਾ ਹੈ, ਪਰ ਪਰਿਵਾਰ ਹਰ ਰੋਜ਼ ਇਸ ਉਮੀਦ ਨਾਲ ਅਰਦਾਸ ਕਰਦਾ ਹੈ ਕਿ ਕੋਈ ਚੰਗੀ ਖ਼ਬਰ ਆਵੇਗੀ।

ਸੁਨੀਲ ਲਤਾ ਮੁਤਾਬਕ, "ਅਸੀਂ ਪੰਜਾਬ ਵਿੱਚ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਕਈ ਆਗੂਆਂ ਨੂੰ ਮਿਲੇ ਹਾਂ। ਇਸ ਤੋਂ ਇਲਾਵਾ ਭਾਰਤ ਦੇ ਵਿਦੇਸ਼ ਮੰਤਰਾਲੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਮਦਦ ਲਈ ਈਮੇਲ ਕੀਤੀ ਗਈ ਹੈ।"

ਦੁਬਈ ਵਿੱਚ ਰਹਿੰਦੇ ਬਲਜਿੰਦਰ ਦੇ ਛੋਟੇ ਭਰਾ ਵੱਲੋਂ ਵੀ ਭਾਰਤ ਸਰਕਾਰ ਨੂੰ ਈਮੇਲ ਅਤੇ ਭਾਰਤੀ ਦੂਤਾਵਾਸ ਨੂੰ ਪੱਤਰ ਭੇਜ ਕੇ ਮਦਦ ਦੀ ਅਪੀਲ ਕੀਤੀ ਗਈ ਹੈ।

ਪਰ ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਹਾਲੇ ਤੱਕ ਕੋਈ ਜਵਾਬ ਨਹੀਂ ਮਿਲਿਆ।

ਸੁਨੀਲ ਲਤਾ ਕਹਿੰਦੇ ਹਨ, "ਮੇਰੇ ਪਤੀ ਨੇ ਕਦੇ ਨਸ਼ਾ ਨਹੀਂ ਕੀਤਾ ਅਤੇ ਨਾ ਹੀ ਉਸ ਖ਼ਿਲਾਫ਼ ਭਾਰਤ ਵਿੱਚ ਕੋਈ ਮਾਮਲਾ ਦਰਜ ਹੈ। ਬਲਜਿੰਦਰ ਅੰਮ੍ਰਿਤਧਾਰੀ ਗੁਰਸਿੱਖ ਹਨ ਅਤੇ ਉਹ ਸਿਰਫ਼ ਇੱਕ ਬਿਮਾਰ ਬਜ਼ੁਰਗ ਲਈ ਦਵਾਈ ਦਾ ਪੈਕੇਟ ਲੈ ਕੇ ਜਾ ਰਹੇ ਸਨ।"

ਸੁਨੀਲ ਲਤਾ ਦੱਸਦੇ ਹਨ ਕਿ ਉਨ੍ਹਾਂ ਦੀ 12 ਸਾਲ ਦੀ ਧੀ ਘੱਟ ਸਵਾਲ ਕਰਦੀ ਹੈ, ਪਰ ਛੋਟਾ ਪੁੱਤਰ ਵਾਰ-ਵਾਰ ਆਪਣੇ ਪਿਤਾ ਬਾਰੇ ਪੁੱਛਦਾ ਹੈ।

ਉਹ ਕਹਿੰਦੇ ਹਨ ਕਿ ਬੱਚਿਆਂ ਦੇ ਕਈ ਸਵਾਲਾਂ ਦੇ ਜਵਾਬ ਉਨ੍ਹਾਂ ਕੋਲ ਨਹੀਂ ਹਨ। ਦੂਜੇ ਪਾਸੇ ਬਜ਼ੁਰਗ ਮਾਤਾ-ਪਿਤਾ ਵੀ ਇਸ ਸਦਮੇ ਕਾਰਨ ਬਿਮਾਰ ਰਹਿੰਦੇ ਹਨ।

ਪਰਿਵਾਰ ਦੀ ਹੁਣ ਮੁੱਖ ਅਪੀਲ ਭਾਰਤ ਸਰਕਾਰ ਨੂੰ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਾਊਦੀ ਅਰਬ ਵਿੱਚ ਬਲਜਿੰਦਰ ਸਿੰਘ ਦੀ ਮੌਤ ਦੀ ਸਜ਼ਾ ਬਰਕਰਾਰ ਰਹਿਣ ਤੋਂ ਬਾਅਦ ਆਖ਼ਰੀ ਉਮੀਦ ਕੇਂਦਰ ਸਰਕਾਰ ਤੋਂ ਹੈ।

ਪਰਿਵਾਰ ਚਾਹੁੰਦਾ ਹੈ ਕਿ ਭਾਰਤ ਸਰਕਾਰ ਸਾਊਦੀ ਅਰਬ ਦੀ ਸਰਕਾਰ ਕੋਲ ਇਹ ਮਾਮਲਾ ਉਠਾਏ ਅਤੇ ਬਲਜਿੰਦਰ ਦੀ ਸਜ਼ਾ ਤੋਂ ਰਾਹਤ ਦਿਵਾਉਣ ਲਈ ਕੋਸ਼ਿਸ਼ ਕਰੇ।

ਬਲਜਿੰਦਰ ਸਿੰਘ ਦੀ ਸਜ਼ਾ ਖ਼ਿਲਾਫ਼ ਸਾਊਦੀ ਅਰਬ ਦੀ ਸੁਪਰੀਮ ਕੋਰਟ ਵਿੱਚ ਕੈਸੇਸ਼ਨ ਪਟੀਸ਼ਨ ਦਾਇਰ ਕਰਨ ਵਾਲੇ ਵਕੀਲ ਅਕਬ-ਅਲ-ਮੁਤੈਰੀ ਨੇ ਈਮੇਲ ਰਾਹੀਂ ਮਾਮਲੇ ਬਾਰੇ ਜਾਣਕਾਰੀ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਇਸ ਕੇਸ ਵਿੱਚ ਉਨ੍ਹਾਂ ਦੀ ਭੂਮਿਕਾ ਸਿਰਫ਼ ਸੁਪਰੀਮ ਕੋਰਟ ਦੇ ਸਾਹਮਣੇ ਕੈਸੇਸ਼ਨ ਦੀ ਕਾਰਵਾਈ ਤੱਕ ਸੀਮਤ ਸੀ, ਜੋ ਮੁਕੱਦਮੇਬਾਜ਼ੀ ਦਾ ਆਖ਼ਰੀ ਪੜਾਅ ਸੀ।

ਉਨ੍ਹਾਂ ਮੁਤਾਬਕ ਟ੍ਰਾਇਲ ਕੋਰਟ ਜਾਂ ਅਪੀਲ ਕੋਰਟ ਵਿੱਚ ਬਲਜਿੰਦਰ ਸਿੰਘ ਦੀ ਨੁਮਾਇੰਦਗੀ ਉਨ੍ਹਾਂ ਨੇ ਨਹੀਂ ਕੀਤੀ ਸੀ। ਉਨ੍ਹਾਂ ਕੋਲ ਮੌਜੂਦ ਜਾਣਕਾਰੀ ਮੁਤਾਬਕ ਇਨ੍ਹਾਂ ਦੋਵਾਂ ਪੜਾਵਾਂ ਦੌਰਾਨ ਬਲਜਿੰਦਰ ਦੀ ਪੈਰਵੀ ਲਈ ਕੋਈ ਵਕੀਲ ਮੌਜੂਦ ਨਹੀਂ ਸੀ।

ਵਕੀਲ ਨੇ ਅੱਗੇ ਦੱਸਿਆ ਕਿ ਸੁਪਰੀਮ ਕੋਰਟ ਦੇ ਪੜਾਅ 'ਤੇ ਉਨ੍ਹਾਂ ਨੇ ਬਲਜਿੰਦਰ ਸਿੰਘ ਦੀ ਸਜ਼ਾ ਨੂੰ ਚੁਣੌਤੀ ਦਿੰਦਿਆਂ ਕੈਸੇਸ਼ਨ ਪਟੀਸ਼ਨ ਦਾਇਰ ਕੀਤੀ ਅਤੇ ਉਸ ਦੇ ਪੱਖ ਵਿੱਚ ਸਾਰੇ ਕਾਨੂੰਨੀ ਆਧਾਰ ਅਤੇ ਦਲੀਲਾਂ ਪੇਸ਼ ਕੀਤੀਆਂ।

ਹਾਲਾਂਕਿ, ਉਨ੍ਹਾਂ ਮੁਤਾਬਕ ਸਾਊਦੀ ਅਰਬ ਦੀ ਸੁਪਰੀਮ ਕੋਰਟ ਨੇ ਤਾਜ਼ੀਰ ਤਹਿਤ ਦਿੱਤੀ ਮੌਤ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਅਤੇ ਇਸ ਨਾਲ ਕੈਸੇਸ਼ਨ ਦੀ ਕਾਰਵਾਈ ਖ਼ਤਮ ਹੋ ਗਈ।

ਹੁਣ ਬਲਜਿੰਦਰ ਸਿੰਘ ਦਾ ਪਰਿਵਾਰ ਭਾਰਤ ਸਰਕਾਰ ਤੋਂ ਦਖ਼ਲ ਦੀ ਮੰਗ ਕਰ ਰਿਹਾ ਹੈ। ਪਰਿਵਾਰ ਦੀ ਅਪੀਲ ਹੈ ਕਿ ਕੇਂਦਰ ਸਰਕਾਰ ਸਾਊਦੀ ਅਰਬ ਦੇ ਅਧਿਕਾਰੀਆਂ ਕੋਲ ਮਾਮਲਾ ਉਠਾ ਕੇ ਬਲਜਿੰਦਰ ਦੀ ਮੌਤ ਦੀ ਸਜ਼ਾ ਤੋਂ ਰਾਹਤ ਦਿਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰੇ।

ਏਸ਼ੀਅਨ ਖੇਡਾਂ 2026: ਭਾਰਤੀ ਖਿਡਾਰੀਆਂ ਨੇ ਹੁਣ ਤੱਕ ਕਿੰਨੇ ਮੈਡਲ ਜਿੱਤੇ?

ਕੈਨੇਡਾ 'ਚ ਸ਼ਰਨ ਲੈਣਾ ਕਿੰਨਾ ਔਖਾ ਹੋਇਆ? ਭਾਰਤ ਨਾਲ ਜੁੜੇ ਦਾਅਵਿਆਂ ਦੇ ਅੰਕੜੇ ਕੀ ਕਹਿੰਦੇ ਹਨ?

ਸਿਆਸਤ

## ਪੰਜਾਬ ਦੀ ਸਿਆਸਤ 'ਚ ਮੁੜ ਮੁਫ਼ਤ ਗਰੰਟੀਆਂ ਦਾ ਦੌਰ, ਵੋਟਰਾਂ ਨੂੰ ਸਾਧਣ ਲਈ ਸਾਰੀਆਂ ਪਾਰਟੀਆਂ ਲਾਉਣਗੀਆਂ ਜ਼ੋਰ

ਪੰਜਾਬ ਦੀ ਸਿਆਸਤ ਵਿੱਚ ਮੁੱਖ ਸਿਆਸੀ ਪਾਰਟੀਆਂ ਵੱਲੋਂ ਇੱਕ ਵਾਰ ਫਿਰ ਤੋਂ ਮੁਫ਼ਤ ਗਰੰਟੀਆਂ ਅਤੇ ਸਹੂਲਤਾਂ ਦੇ ਦਮ ਤੇ ਚੋਣ ਪਿੜ ਮਘਾਉਣ ਦੀ ਪੂਰੀ ਤਿਆਰੀ ਵਿੱਢ ਦਿੱਤੀ ਗਈ ਹੈ। ਸੂਬੇ ਦੇ ਸਿਆਸੀ ਦ੍ਰਿਸ਼ਟੀਕੋਣ ਵਿੱਚ ਹੁਣ ਇਹ ਮੁਫ਼ਤ ਸਹੂਲਤਾਂ ਸਿਰਫ਼ ਚੋਣ ਵਾਅਦੇ ਜਾਂ ਲੋਕ-ਲੁਭਾਊ ਐਲਾਨ ਹੀ ਨਹੀਂ ਰਹੀਆਂ, ਸਗੋਂ ਆਮ ਵੋਟਰਾਂ ਤੱਕ ਪ੍ਰਭਾਵਸ਼ਾਲੀ ਪਹੁੰਚ ਬਣਾਉਣ ਅਤੇ ਵੱਡਾ ਵੋਟ ਬੈਂਕ ਆਪਣੇ ਵੱਲ ਖਿੱਚਣ ਦਾ ਇੱਕ ਅਹਿਮ ਜ਼ਰੀਆ ਸਾਬਤ ਹੋ ਚੁੱਕੀਆਂ ਹਨ।



**ਪੰਜਾਬ ਦੀ ਸਿਆਸਤ ‘ਚ ਮੁੜ ਮੁਫ਼ਤ ਗਰੰਟੀਆਂ ਦਾ ਦੌਰ, ਵੋਟਰਾਂ ਨੂੰ ਸਾਧਣ ਲਈ ਸਾਰੀਆਂ ਪਾਰਟੀਆਂ ਲਾਉਣਗੀਆਂ ਜ਼ੋਰ (ਜਾਰੀ)**

ਮੌਜੂਦਾ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਜਿੱਥੇ ਇਹਨਾਂ ਮੁਫ਼ਤ ਗਰੰਟੀਆਂ ਨੂੰ ਆਪਣੀ ਸਿਆਸੀ ਮਜ਼ਬੂਤੀ ਦਾ ਮੁੱਖ ਧੁਰਾ ਮੰਨਦੀ ਹੈ, ਉੱਥੇ ਹੀ ਦੂਜੇ ਪਾਸੇ ਸੱਤਾ ਪਰਿਵਰਤਨ ਹੋਣ ਦੀ ਸੂਰਤ ਵਿੱਚ ਇਹਨਾਂ ਲੋਕ-ਭਲਾਈ ਯੋਜਨਾਵਾਂ ਦੇ ਪੂਰੀ ਤਰ੍ਹਾਂ ਠੱਪ ਹੋ ਜਾਣ ਦਾ ਡਰ ਵੀ ਲੋਕਾਂ ਦੇ ਮਨਾਂ ਵਿੱਚ ਬਿਠਾ ਰਹੀ ਹੈ। ਆਪਣੇ ਹਾਲੀਆ ‘ਲੋਕ ਮਿਲਣੀ’ ਪ੍ਰੋਗਰਾਮਾਂ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖ਼ੁਦ ਵੋਟਰਾਂ ਸਾਹਮਣੇ ਖੁੱਲ੍ਹ ਕੇ ਇਹ ਖ਼ਦਸ਼ਾ ਜ਼ਾਹਿਰ ਕਰਦੇ ਹੋਏ ਮੁੜ ਸਮਰਥਨ ਦੀ ਅਪੀਲ ਕਰ ਰਹੇ ਹਨ।

ਮੁਫ਼ਤ ਗਰੰਟੀਆਂ ਅਤੇ ਸਹੂਲਤਾਂ ਦੀ ਗੱਲ ਕਰੀਏ ਤਾਂ ਪੰਜਾਬ ਲਈ ਇਹ ਸਿਆਸੀ ਦਾਅ ਕੋਈ ਨਵਾਂ ਨਹੀਂ ਹੈ। ਜੇਕਰ ਸੂਬੇ ਵਿੱਚ ਪਿਛਲੀਆਂ ਚਾਰ ਵਿਧਾਨ ਸਭਾ ਚੋਣਾਂ ਦੇ ਰੁਝਾਨਾਂ ਤੇ ਝਾਤ ਮਾਰੀਏ ਤਾਂ ਅਜਿਹੀਆਂ ਲੋਕ-ਲੁਭਾਊ ਯੋਜਨਾਵਾਂ ਲਗਾਤਾਰ ਸਾਰੀਆਂ ਧਿਰਾਂ ਦੇ ਏਜੰਡੇ ਦਾ ਹਿੱਸਾ ਰਹੀਆਂ ਹਨ। ਸੂਬੇ ਦੀ ਹਰੇਕ ਪ੍ਰਮੁੱਖ ਪਾਰਟੀ ਨੇ ਆਪਣੀ-ਆਪਣੀ ਸਿਆਸੀ ਸਮਰੱਥਾ ਅਨੁਸਾਰ ਵੱਡੇ-ਵੱਡੇ ਵਾਅਦੇ ਕੀਤੇ ਅਤੇ ਚੋਣਾਂ ਵਿੱਚ ਇਹਨਾਂ ਦਾ ਸਿੱਧਾ ਲਾਹਾ ਵੀ ਲਿਆ।

ਸਾਲ 2022 ਵਿੱਚ ਪਹਿਲੀ ਵਾਰ ਪੰਜਾਬ ਦੀ ਸੱਤਾ ਸੰਭਾਲਣ ਵਾਲੀ ਆਮ ਆਦਮੀ ਪਾਰਟੀ ਨੂੰ ਇਹਨਾਂ ਮੁਫ਼ਤ ਗਰੰਟੀਆਂ ਦਾ ਬੰਪਰ ਸਿਆਸੀ ਫ਼ਾਇਦਾ ਮਿਲਿਆ ਸੀ। ਇਹੀ ਕਾਰਨ ਹੈ ਕਿ ਆਉਣ ਵਾਲੀਆਂ ਚੋਣਾਂ ਵਿੱਚ ਵੀ ‘ਆਪ’ ਇਹਨਾਂ ਗਰੰਟੀਆਂ ਤੇ ਵੱਡਾ ਦਾਅ ਖੇਡਣ ਦੀ ਰਣਨੀਤੀ ਉਲੀਕ ਰਹੀ ਹੈ। ਦੂਜੇ ਪਾਸੇ, ਵਿਰੋਧੀ ਪਾਰਟੀਆਂ ਵੀ ਵੱਖ-ਵੱਖ ਵਰਗਾਂ ਦੇ ਵੋਟਰਾਂ ਨੂੰ ਆਪਣੇ ਹੱਕ ਵਿੱਚ ਲਾਮਬੰਦ ਕਰਨ ਲਈ ਇਸੇ ਤਰ੍ਹਾਂ ਦੀਆਂ ਮੁਫ਼ਤ ਗਰੰਟੀਆਂ ਦਾ ਸਹਾਰਾ ਲੈਣ ਦੀ ਤਿਆਰੀ ਵਿੱਚ ਜੁਟੀਆਂ ਹੋਈਆਂ ਹਨ।

ਦੂਜੇ ਪਾਸੇ, ਸਿਆਸੀ ਮਾਮਲਿਆਂ ਦੇ ਵਿਸ਼ਲੇਸ਼ਕ ਮਲਕੀਤ ਸਿੰਘ ਦਾ ਕਹਿਣਾ ਹੈ ਕਿ ਚੋਣ ਚੌਸਰ ਤੇ ਇਹਨਾਂ ਮੁਫ਼ਤ ਗਰੰਟੀਆਂ ਦੇ ਜ਼ੋਰ ਤੇ ਹਾਸਲ ਕੀਤੀ ਜਿੱਤ ਸੂਬੇ ਦੇ ਆਰਥਿਕ ਢਾਂਚੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਮੁਫ਼ਤ ਸਹੂਲਤਾਂ ਕਾਰਨ ਸਰਕਾਰੀ ਖ਼ਜ਼ਾਨੇ ਵਿੱਚੋਂ ਵੰਡੇ ਜਾ ਰਹੇ ਮਾਲੀਏ ਨਾਲ ਸੂਬੇ ਦਾ ਵਿੱਤੀ ਘਾਟਾ ਲਗਾਤਾਰ ਵਧਦਾ ਹੈ। ਨਤੀਜੇ ਵਜੋਂ ਸੜਕਾਂ, ਹਸਪਤਾਲਾਂ, ਸਕੂਲਾਂ ਦੇ ਬੁਨਿਆਦੀ ਵਿਕਾਸ ਅਤੇ ਨਵੇਂ ਰੁਜ਼ਗਾਰ ਪੈਦਾ ਕਰਨ ਵਰਗੇ ਜ਼ਰੂਰੀ ਬੁਨਿਆਦੀ ਢਾਂਚਾਗਤ ਨਿਵੇਸ਼ਾਂ ਲਈ ਬਜਟ ਦੀ ਭਾਰੀ ਕਿੱਲਤ ਪੈਦਾ ਹੋ ਜਾਂਦੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਰਵਾਇਤੀ ਵਿਰੋਧੀ ਧਿਰਾਂ ਦੇ ਸੱਤਾ ਵਿੱਚ ਵਾਪਸ ਆਉਣ ਨਾਲ ਪੰਜਾਬ ਦੀਆਂ ਚੱਲ ਰਹੀਆਂ ਭਲਾਈ ਸਕੀਮਾਂ ਵੱਡੇ ਖ਼ਤਰੇ ਵਿੱਚ ਪੈ ਜਾਣਗੀਆਂ। ਮਾਨ ਨੇ ਦਾਅਵਾ ਕੀਤਾ ਕਿ ਜੇਕਰ ਵਿਰੋਧੀ ਧੜੇ ਕਿਸੇ ਤਰੀਕੇ ਸਰਕਾਰ ਬਣਾ ਲੈਂਦੇ ਹਨ ਤਾਂ ਉਹ ਮੁਫ਼ਤ ਬਿਜਲੀ, ਔਰਤਾਂ ਲਈ ਮੁਫ਼ਤ ਬੱਸ ਸਫ਼ਰ ਅਤੇ 1000 ਤੋਂ 1500 ਰੁਪਏ ਦੀ ਮਹੀਨਾਵਾਰ ਸਨਮਾਨ ਰਾਸ਼ੀ ਨੂੰ ਤੁਰੰਤ ਬੰਦ ਕਰ ਦੇਣਗੇ। ਇਸ ਤੋਂ ਇਲਾਵਾ ਨਿੱਜੀ ਅਦਾਰਿਆਂ ਨੂੰ ਉਤਸ਼ਾਹਿਤ ਕਰਨ ਲਈ ਆਮ ਆਦਮੀ ਕਲੀਨਿਕਾਂ ਅਤੇ ਬਿਹਤਰੀਨ ਸਰਕਾਰੀ ਸਕੂਲਾਂ ਨੂੰ ਕਮਜ਼ੋਰ ਕਰ ਦਿੱਤਾ ਜਾਵੇਗਾ। ਲੋਕ ਮਿਲਣੀ ਦੌਰਾਨ ਅਜਿਹੀਆਂ ਚਿੰਤਾਵਾਂ ਪ੍ਰਗਟਾਉਂਦਿਆਂ ਮੁੱਖ ਮੰਤਰੀ ਆਮ ਆਦਮੀ ਪਾਰਟੀ ਨੂੰ ਦੁਬਾਰਾ ਸੇਵਾ ਦਾ ਮੌਕਾ ਦੇਣ ਦੀ ਜ਼ੋਰਦਾਰ ਅਪੀਲ ਕਰ ਰਹੇ ਹਨ।

300 ਯੂਨਿਟ ਮੁਫ਼ਤ ਬਿਜਲੀ: ਪ੍ਰਤੀ ਮਹੀਨਾ 300 ਯੂਨਿਟ ਮੁਫ਼ਤ ਬਿਜਲੀ, ਜਿਸ ਨਾਲ ਦੋ ਮਹੀਨਿਆਂ ਦੇ ਬਿਲਿੰਗ ਚੱਕਰ ਵਿੱਚ 600 ਯੂਨਿਟ ਤੱਕ ਜ਼ੀਰੋ ਬਿੱਲ ਦੀ ਸਹੂਲਤ ਮਿਲ ਰਹੀ ਹੈ।

ਔਰਤਾਂ ਲਈ ਮੁਫ਼ਤ ਸਫ਼ਰ: ਸਰਕਾਰੀ ਬੱਸਾਂ ਵਿੱਚ ਮਹਿਲਾਵਾਂ ਨੂੰ ਪੂਰੇ ਪੰਜਾਬ ਅੰਦਰ ਮੁਫ਼ਤ ਸਫ਼ਰ ਦੀ ਸਹੂਲਤ।

ਮਾਵਾਂ-ਧੀਆਂ ਸਤਿਕਾਰ ਯੋਜਨਾ: ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਅਤੇ ਅਨੁਸੂਚਿਤ ਜਾਤੀ (ਐੱਸ.ਸੀ.) ਪਰਿਵਾਰਾਂ ਦੀਆਂ ਔਰਤਾਂ ਨੂੰ 1500 ਰੁਪਏ ਦੀ ਵਿੱਤੀ ਸਹਾਇਤਾ।

ਮੁੱਖ ਮੰਤਰੀ ਸਿਹਤ ਯੋਜਨਾ: ਹਰੇਕ ਪਰਿਵਾਰ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਮੁਫ਼ਤ ਤੇ ਕੈਸ਼ਲੈੱਸ ਇਲਾਜ।

ਆਮ ਆਦਮੀ ਕਲੀਨਿਕ: ਮੁਹੱਲਾ ਕਲੀਨਿਕਾਂ ਰਾਹੀਂ ਮੁੱਢਲਾ ਇਲਾਜ, ਜ਼ਰੂਰੀ ਦਵਾਈਆਂ ਅਤੇ ਨਿਰਧਾਰਿਤ ਟੈਸਟ ਮੁਫ਼ਤ ਮੁਹੱਈਆ।

ਮੇਰੀ ਰਸੋਈ ਰਾਸ਼ਨ ਕਿੱਟ: ਕਰੀਬ 40 ਲੱਖ ਲੋੜਵੰਦ ਪਰਿਵਾਰਾਂ ਨੂੰ ਹਰ ਤਿਮਾਹੀ ਮੁਫ਼ਤ ਕਿੱਟ ਅਧੀਨ ਖੰਡ, ਛੋਲਿਆਂ ਦੀ ਦਾਲ, ਸਰ੍ਹੋਂ ਦਾ ਤੇਲ, ਹਲਦੀ ਅਤੇ ਨਮਕ ਦੇਣ ਦੀ ਯੋਜਨਾ।

ਹੋਰ ਸਹੂਲਤਾਂ: ਸਰਕਾਰੀ ਸਕੂਲਾਂ ਵਿੱਚ ਮੁਫ਼ਤ ਸਿੱਖਿਆ, ਕਿਸਾਨਾਂ ਲਈ ਖੇਤੀ ਮੋਟਰਾਂ ਦੀ ਮੁਫ਼ਤ ਬਿਜਲੀ ਅਤੇ ਕਿਸ਼ੋਰ ਲੜਕੀਆਂ ਲਈ ਮੁਫ਼ਤ ਸੈਨੇਟਰੀ ਪੈਡ।

ਅਪ੍ਰੈਲ 2021 ਤੋਂ ਸਰਕਾਰੀ ਬੱਸਾਂ ਵਿੱਚ ਔਰਤਾਂ ਲਈ ਮੁਫ਼ਤ ਬੱਸ ਸਫ਼ਰ ਦਾ ਪ੍ਰਬੰਧ।

ਸਰਕਾਰੀ ਸਕੂਲਾਂ ਵਿੱਚ ਪੜ੍ਹਦੀਆਂ ਵਿਦਿਆਰਥਣਾਂ ਨੂੰ ਮੁਫ਼ਤ ਸਾਈਕਲ ਵੰਡਣ ਦੀ ਸਹੂਲਤ।

ਆਟਾ-ਦਾਲ ਸਕੀਮ ਤਹਿਤ ਸਬਸਿਡੀ ਵਾਲਾ ਅਨਾਜ ਅਤੇ ਸਾਲ 2021 ਵਿੱਚ ਸਮਾਜਿਕ ਸੁਰੱਖਿਆ ਪੈਨਸ਼ਨ 750 ਰੁਪਏ ਤੋਂ ਵਧਾ ਕੇ 1,500 ਰੁਪਏ ਪ੍ਰਤੀ ਮਹੀਨਾ ਕੀਤੀ ਗਈ।

ਆਸ਼ੀਰਵਾਦ ਯੋਜਨਾ: ਆਰਥਿਕ ਤੌਰ ਤੇ ਕਮਜ਼ੋਰ ਅਤੇ ਐੱਸ.ਸੀ. ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਲਈ ਦਿੱਤੀ ਜਾਣ ਵਾਲੀ ਸਹਾਇਤਾ ਰਾਸ਼ੀ ਸਾਲ 2021 ਵਿੱਚ 21 ਹਜ਼ਾਰ ਤੋਂ ਵਧਾ ਕੇ 51 ਹਜ਼ਾਰ ਰੁਪਏ ਕੀਤੀ ਗਈ।

ਆਟਾ-ਦਾਲ ਸਕੀਮ: ਸਾਲ 2016-17 ਤੱਕ ਲਗਭਗ 36.35 ਲੱਖ ਪਰਿਵਾਰਾਂ ਨੂੰ ਇਸ ਭਲਾਈ ਸਕੀਮ ਦੇ ਘੇਰੇ ਵਿੱਚ ਲਿਆਂਦਾ ਗਿਆ।

ਕਿਸਾਨਾਂ ਲਈ ਖੇਤੀ ਵਾਸਤੇ ਮੁਫ਼ਤ ਬਿਜਲੀ ਅਤੇ ਐੱਸ.ਸੀ., ਬੀ.ਸੀ. ਤੇ ਬੀ.ਪੀ.ਐੱਲ. ਵਰਗਾਂ ਦੇ ਖਪਤਕਾਰਾਂ ਨੂੰ 200 ਯੂਨਿਟ ਤੱਕ ਮੁਫ਼ਤ ਬਿਜਲੀ।



ਪੰਜਾਬ ਦੀ ਸਿਆਸਤ ‘ਚ ਮੁੜ ਮੁਫ਼ਤ ਗਰੰਟੀਆਂ ਦਾ ਦੌਰ, ਵੋਟਰਾਂ ਨੂੰ ਸਾਧਣ ਲਈ ਸਾਰੀਆਂ

**ਪੰਜਾਬ ਦੀ ਸਿਆਸਤ ‘ਚ ਮੁੜ ਮੁਫ਼ਤ ਗਰੰਟੀਆਂ ਦਾ ਦੌਰ, ਵੋਟਰਾਂ ਨੂੰ ਸਾਧਣ ਲਈ ਸਾਰੀਆਂ ਪਾਰਟੀਆਂ ਲਾਉਣਗੀਆਂ ਜ਼ੋਰ (ਜਾਰੀ)**

ਮਾਈ ਭਾਗੋ ਵਿੱਦਿਆ ਯੋਜਨਾ: ਸਰਕਾਰੀ ਸਕੂਲਾਂ ਦੀਆਂ 9ਵੀਂ ਤੋਂ 12ਵੀਂ ਜਮਾਤ ਦੀਆਂ ਵਿਦਿਆਰਥਣਾਂ ਨੂੰ ਸਕੂਲ ਆਉਣ-ਜਾਣ ਲਈ ਮੁਫ਼ਤ ਸਾਈਕਲਾਂ ਦੀ ਵੰਡ।

ਮੁੱਖ ਮੰਤਰੀ ਤੀਰਥ ਦਰਸ਼ਨ ਯਾਤਰਾ: ਸਾਲ 2016 ਤੋਂ ਦੇਸ਼ ਭਰ ਦੇ ਵੱਖ-ਵੱਖ ਪ੍ਰਮੁੱਖ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਚੁਣੇ ਹੋਏ ਸ਼ਰਧਾਲੂਆਂ ਨੂੰ ਮੁਫ਼ਤ ਯਾਤਰਾ ਤੇ ਰਿਹਾਇਸ਼ ਦੀ ਸਹੂਲਤ।

ਸ਼ਗਨ ਸਕੀਮ: ਗ਼ਰੀਬ, ਪੱਛੜੇ ਅਤੇ ਐੱਸ.ਸੀ. ਵਰਗ ਦੀਆਂ ਧੀਆਂ ਦੇ ਆਨੰਦ ਕਾਰਜ/ਵਿਆਹ ਮੌਕੇ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਸਕੀਮ ਦੀ ਸ਼ੁਰੂਆਤ।

ਖੇਡਾਂ

## ਯਾਤਰੀ ਦਾ ਟਿਕਟ ਚੱਬ ਕੇ ਥੁੱਕਿਆ, ਬੱਸ ਤੋਂ ਵੀ ਉਤਾਰਿਆ; ਟਰਾਂਸਪੋਰਟ ਅਧਿਕਾਰੀ ਹੁਣ ਦੇਣਗੇ 60 ਹਜ਼ਾਰ ਰੁਪਏ ਮੁਆਵਜ਼ਾ - ਤੇ ; ₹60,000

ਕਮਿਸ਼ਨ ਨੇ ਕਿਹਾ ਕਿ ਰੀਜਨਲ ਅਤੇ ਜ਼ੋਨਲ ਮੈਨੇਜਰਾਂ ਨੂੰ ਯਾਤਰੀ ਦਾ ਕਾਨੂੰਨੀ ਨੋਟਿਸ ਮਿਲਿਆ ਸੀ, ਪਰ ਉਨ੍ਹਾਂ ਨੇ ਕੋਈ ਜਾਂਚ ਨਹੀਂ ਕੀਤੀ। ਕਮਿਸ਼ਨ ਨੇ ਉਨ੍ਹਾਂ ਦਸਤਾਵੇਜ਼ਾਂ ’ਤੇ ਵੀ ਗੌਰ ਕੀਤਾ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਯਾਤਰੀ ਵੇਲੂਰ ਗਿਆ ਸੀ ਅਤੇ ਉਸ ਤੋਂ ਬਾਅਦ ਤਿਰੁਵੰਨਾਮਲਈ ਤੋਂ ਪੇਰੰਬਲੂਰ ਦੀ ਯਾਤਰਾ ਕੀਤੀ ਸੀ।

ਤਮਿਲਨਾਡੂ ਦੇ ਪੇਰੰਬਲੂਰ ਜ਼ਿਲ੍ਹਾ ਉਪਭੋਗਤਾ ਕਮਿਸ਼ਨ ਨੇ ਤਮਿਲਨਾਡੂ ਰਾਜ ਟਰਾਂਸਪੋਰਟ ਨਿਗਮ ਦੇ ਅਧਿਕਾਰੀਆਂ ਨੂੰ ਇੱਕ ਯਾਤਰੀ ਨੂੰ 50 ਹਜ਼ਾਰ ਰੁਪਏ ਮੁਆਵਜ਼ਾ ਅਤੇ 10 ਹਜ਼ਾਰ ਰੁਪਏ ਖ਼ਰਚੇ ਵਜੋਂ ਦੇਣ ਦਾ ਹੁਕਮ ਦਿੱਤਾ ਹੈ।

ਯਾਤਰੀ ਨੇ ਦੋਸ਼ ਲਗਾਇਆ ਸੀ ਕਿ ਟਿਕਟ ਖ਼ਰਾਬ ਹੋ ਜਾਣ ਤੋਂ ਬਾਅਦ ਉਸ ਨੂੰ ਬੱਸ ਤੋਂ ਉਤਰਨ ਲਈ ਮਜਬੂਰ ਕੀਤਾ ਗਿਆ ਸੀ। ਕਮਿਸ਼ਨ ਨੇ ਪਾਇਆ ਕਿ ਉਸ ਦੀ ਸ਼ਿਕਾਇਤ ਦੀ ਢੰਗ ਨਾਲ ਜਾਂਚ ਨਾ ਕਰਨਾ ਸੇਵਾ ਵਿੱਚ ਕਮੀ ਸੀ। ਇਹ ਹੁਕਮ 2 ਸਤੰਬਰ 2026 ਨੂੰ ਜਾਰੀ ਕੀਤਾ ਗਿਆ ਸੀ।

ਯਾਤਰੀ ਨੂੰ ਮੁਆਵਜ਼ਾ ਦੇਣ ਦਾ ਹੁਕਮ ਕਿਉਂ? ਕਮਿਸ਼ਨ ਦੇ ਹੁਕਮ ਮੁਤਾਬਕ, ਯਾਤਰੀ 23 ਮਾਰਚ 2026 ਨੂੰ ਆਪਣੇ ਪੁੱਤਰ ਲਈ ਦਵਾਈ ਖਰੀਦਣ ਵਾਸਤੇ ਵੇਲੂਰ ਗਿਆ ਸੀ ਅਤੇ ਬਾਅਦ ਵਿੱਚ ਪੇਰੰਬਲੂਰ ਜਾਣ ਵਾਲੀ ਬੱਸ ਵਿੱਚ ਸਵਾਰ ਹੋਇਆ ਸੀ। ਯਾਤਰੀ ਨੇ ਦੋਸ਼ ਲਗਾਇਆ ਕਿ ਉਸ ਨੇ ਟਿਕਟ ਲਈ 500 ਰੁਪਏ ਦਿੱਤੇ ਸਨ, ਪਰ ਉਸ ਨੂੰ 200 ਰੁਪਏ ਦਾ ਟਿਕਟ ਦਿੱਤਾ ਗਿਆ ਅਤੇ ਕੰਡਕਟਰ ਨੇ ਵਾਅਦਾ ਕੀਤਾ ਕਿ ਮੰਜ਼ਿਲ ’ਤੇ ਪਹੁੰਚਣ ਤੋਂ ਬਾਅਦ ਬਾਕੀ 300 ਰੁਪਏ ਵਾਪਸ ਕਰ ਦੇਵੇਗਾ।

ਯਾਤਰੀ ਨੇ ਦੋਸ਼ ਲਗਾਇਆ ਕਿ ਤਿਰੁਵੰਨਾਮਲਈ ਵਿੱਚ ਚਾਹ ਦੇ ਬ੍ਰੇਕ ਤੋਂ ਬਾਅਦ ਜਦੋਂ ਉਹ ਵਾਪਸ ਆਇਆ ਤਾਂ ਉਸ ਦੀ ਸੀਟ ’ਤੇ ਕੋਈ ਹੋਰ ਮਹਿਲਾ ਬੈਠੀ ਹੋਈ ਸੀ। ਉਸ ਨੇ ਦੱਸਿਆ ਕਿ ਜਦੋਂ ਉਸ ਨੇ ਟਾਈਮ ਕੀਪਰ ਕੋਲ ਸ਼ਿਕਾਇਤ ਕੀਤੀ ਤਾਂ ਕੰਡਕਟਰ ਨੇ ਉਸ ਤੋਂ ਟਿਕਟ ਮੰਗਿਆ ਅਤੇ ਉਸ ਨੂੰ ਚੱਬ ਕੇ ਥੁੱਕ ਦਿੱਤਾ। ਉਸ ਨੇ ਇਹ ਵੀ ਦੋਸ਼ ਲਗਾਇਆ ਕਿ ਕੰਡਕਟਰ ਅਤੇ ਡਰਾਈਵਰ ਨੇ ਉਸ ਦਾ ਸਮਾਨ ਬਾਹਰ ਸੁੱਟ ਦਿੱਤਾ ਅਤੇ ਬੱਸ ਲੈ ਕੇ ਚਲੇ ਗਏ। ਇਸ ਤੋਂ ਬਾਅਦ ਯਾਤਰੀ ਨੇ ਪੇਰੰਬਲੂਰ ਜਾਣ ਲਈ ਦੂਜੀ ਬੱਸ ਲਈ ਅਤੇ 136 ਰੁਪਏ ਖ਼ਰਚ ਕੀਤੇ। ਯਾਤਰੀ ਨੇ 24 ਮਾਰਚ 2026 ਨੂੰ ਨਿਗਮ ਦੇ ਖੇਤਰੀ ਅਤੇ ਜ਼ੋਨਲ ਮੈਨੇਜਰਾਂ ਨੂੰ ਕਾਨੂੰਨੀ ਨੋਟਿਸ ਭੇਜਿਆ, ਜਿਸ ਵਿੱਚ 300 ਰੁਪਏ ਵਾਪਸ ਕਰਨ, 10 ਲੱਖ ਰੁਪਏ ਮੁਆਵਜ਼ਾ ਦੇਣ ਅਤੇ ਕੰਡਕਟਰ ਤੇ ਡਰਾਈਵਰ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਨਿਗਮ ਨੇ ਦੋਸ਼ਾਂ ਨੂੰ ਕੀਤਾ ਖਾਰਜ ਨਿਗਮ ਨੇ ਯਾਤਰੀ ਦੇ ਦੋਸ਼ਾਂ ਨੂੰ ਗਲਤ ਦੱਸਿਆ। ਨਿਗਮ ਨੇ ਕਿਹਾ ਕਿ ਇਲੈਕਟ੍ਰਾਨਿਕ ਟਿਕਟਿੰਗ ਮਸ਼ੀਨ ਦੇ ਰਿਕਾਰਡ ਤੋਂ ਪਤਾ ਲੱਗਦਾ ਹੈ ਕਿ ਉਸ ਵੱਲੋਂ ਦੱਸੇ ਗਏ ਦਿਨ ਵੇਲੂਰ ਅਤੇ ਪੇਰੰਬਲੂਰ ਵਿਚਕਾਰ ਯਾਤਰਾ ਲਈ ਕੋਈ ਟਿਕਟ ਜਾਰੀ ਨਹੀਂ ਕੀਤਾ ਗਿਆ ਸੀ। ਨਿਗਮ ਨੇ ਇਹ ਵੀ ਕਿਹਾ ਕਿ ਅਸਲ ਕਿਰਾਇਆ 200 ਰੁਪਏ ਨਹੀਂ, ਸਗੋਂ 212 ਰੁਪਏ ਸੀ ਅਤੇ ਦਲੀਲ ਦਿੱਤੀ ਕਿ ਬੱਸ ਦੀ ਤਸਵੀਰ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਯਾਤਰੀ ਨੇ ਉਸ ਵਿੱਚ ਯਾਤਰਾ ਕੀਤੀ ਸੀ। ਕਮਿਸ਼ਨ ਦੀ ਜਾਂਚ ਵਿੱਚ ਕੀ ਸਾਹਮਣੇ ਆਇਆ? ਪ੍ਰਧਾਨ ਡੀ. ਜਵਾਹਰ ਅਤੇ ਮੈਂਬਰ ਪੀ. ਥਿਲਕਾ ਅਤੇ ਐੱਮ. ਮੁਥੁਕੁਮਾਰਨ ਦੀ ਬੈਂਚ ਨੇ ਯਾਤਰੀ ਦੇ ਇਸ ਦੋਸ਼ ਨੂੰ ਸਵੀਕਾਰ ਨਹੀਂ ਕੀਤਾ ਕਿ ਉਸ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਬੱਸ ਤੋਂ ਉਤਾਰਿਆ ਗਿਆ ਸੀ। ਉਨ੍ਹਾਂ ਕਿਹਾ ਕਿ ਸਿਰਫ਼ ਉਪਲਬਧ ਸਬੂਤਾਂ ਦੇ ਆਧਾਰ ’ਤੇ ਇਸ ਮੁੱਦੇ ’ਤੇ ਫ਼ੈਸਲਾ ਨਹੀਂ ਕੀਤਾ ਜਾ ਸਕਦਾ। ਹਾਲਾਂਕਿ, ਉਨ੍ਹਾਂ ਪਾਇਆ ਕਿ ਨਿਗਮ ਦੇ ਅਧਿਕਾਰੀ ਯਾਤਰੀ ਦੀ ਸ਼ਿਕਾਇਤ ਦੀ ਢੰਗ ਨਾਲ ਜਾਂਚ ਕਰਨ ਵਿੱਚ ਅਸਫਲ ਰਹੇ। ਕਮਿਸ਼ਨ ਨੇ ਨੋਟ ਕੀਤਾ ਕਿ ਯਾਤਰੀ ਨੇ ਸਪੱਸ਼ਟ ਤੌਰ ’ਤੇ ਕਿਹਾ ਸੀ ਕਿ ਤਿਰੁਵੰਨਾਮਲਈ ਵਿੱਚ ਟਾਈਮ ਕੀਪਰ ਦੇ ਸਾਹਮਣੇ ਪੁੱਛਗਿੱਛ ਦੌਰਾਨ ਉਸ ਦਾ ਟਿਕਟ ਨਸ਼ਟ ਕਰ ਦਿੱਤਾ ਗਿਆ ਸੀ। ਕਮਿਸ਼ਨ ਨੇ ਕਿਹਾ ਕਿ ਕਾਰਪੋਰੇਸ਼ਨ ਨੂੰ ਟਾਈਮ ਕੀਪਰ ਜਾਂ ਬ੍ਰਾਂਚ ਮੈਨੇਜਰ ਤੋਂ ਇਸ ਦੋਸ਼ ਦੀ ਜਾਂਚ ਕਰਵਾਉਣੀ ਚਾਹੀਦੀ ਸੀ।

**ਯਾਤਰੀ ਦਾ ਟਿਕਟ ਚੱਬ ਕੇ ਥੁੱਕਿਆ, ਬੱਸ ਤੋਂ ਵੀ ਉਤਾਰਿਆ; ਟਰਾਂਸਪੋਰਟ ਅਧਿਕਾਰੀ ਹੁਣ ਦੇਣਗੇ 60 ਹਜ਼ਾਰ ਰੁਪਏ ਮੁਆਵਜ਼ਾ - ਤੇ ; ₹60,000 (ਜਾਰੀ)**

ਇਸ ਮਾਮਲੇ ’ਤੇ ਬੈਂਚ ਨੇ ਅੱਗੇ ਕਿਹਾ, “ਅਸਲ ਵਿੱਚ, ਇਹ ਹੈਰਾਨੀ ਦੀ ਗੱਲ ਹੈ ਕਿ ਵਿਰੋਧੀ ਧਿਰ ਨੇ ਆਪਣੇ ਲਿਖਤੀ ਜਵਾਬ ਵਿੱਚ ਇਸ ਪੱਖ ’ਤੇ ਪੂਰੀ ਤਰ੍ਹਾਂ ਚੁੱਪੀ ਧਾਰ ਲਈ ਅਤੇ ਇਸ ਘਟਨਾ ਤੋਂ ਇਨਕਾਰ ਵੀ ਨਹੀਂ ਕੀਤਾ। ਇਸ ਲਈ, ਵਿਰੋਧੀ ਧਿਰ ਦੀ ਇਹ ਦਲੀਲ ਕਿ ਕੋਈ ਸੁਤੰਤਰ ਗਵਾਹ ਮੌਜੂਦ ਨਹੀਂ ਸੀ, ਬੇਬੁਨਿਆਦ ਸਾਬਤ ਹੁੰਦੀ ਹੈ। ਵਿਰੋਧੀ ਧਿਰ ਨੇ ਪਹਿਲੇ ਅਤੇ ਦੂਜੇ ਪ੍ਰਤੀਵਾਦੀ ਦੇ ਹਲਫ਼ਨਾਮੇ ਤਾਂ ਜਮ੍ਹਾਂ ਕਰਵਾਏ, ਪਰ ਟਾਈਮ ਕੀਪਰ ਤੋਂ ਸਹਾਇਕ ਹਲਫ਼ਨਾਮਾ ਜਾਂ ਰਿਪੋਰਟ ਲੈਣ ਵਿੱਚ ਅਸਫਲ ਰਹੇ।” ਜਾਂਚ ਨਾ ਕਰਨ ’ਤੇ ਅਧਿਕਾਰੀਆਂ ਨੂੰ ਲਾਈ ਫਟਕਾਰ ਕਮਿਸ਼ਨ ਨੇ ਕਿਹਾ ਕਿ ਰੀਜਨਲ ਅਤੇ ਜ਼ੋਨਲ ਮੈਨੇਜਰਾਂ ਨੂੰ ਯਾਤਰੀ ਦਾ ਕਾਨੂੰਨੀ ਨੋਟਿਸ ਮਿਲਿਆ ਸੀ, ਪਰ ਉਨ੍ਹਾਂ ਨੇ ਕੋਈ ਜਾਂਚ ਨਹੀਂ ਕੀਤੀ। ਕਮਿਸ਼ਨ ਨੇ ਉਨ੍ਹਾਂ ਦਸਤਾਵੇਜ਼ਾਂ ’ਤੇ ਵੀ ਗੌਰ ਕੀਤਾ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਯਾਤਰੀ ਵੇਲੂਰ ਗਿਆ ਸੀ ਅਤੇ ਉਸ ਤੋਂ ਬਾਅਦ ਤਿਰੁਵੰਨਾਮਲਈ ਤੋਂ ਪੇਰੰਬਲੂਰ ਦੀ ਯਾਤਰਾ ਕੀਤੀ ਸੀ। ਕਮਿਸ਼ਨ ਨੇ ਕਿਹਾ ਕਿ ਟਿਕਟ ਦੇ ਕਿਰਾਏ ਵਿੱਚ ਅੰਤਰ ਇੰਨਾ ਵੱਡਾ ਨਹੀਂ ਸੀ ਕਿ ਬਿਨਾਂ ਸਹੀ ਜਾਂਚ ਕੀਤੇ ਉਸ ਦੀ ਸ਼ਿਕਾਇਤ ਨੂੰ ਖਾਰਜ ਕਰ ਦਿੱਤਾ ਜਾਂਦਾ। ਕਮਿਸ਼ਨ ਨੇ ਅੱਗੇ ਕਿਹਾ, “ਉਪਭੋਗਤਾਵਾਂ ਨੂੰ ਅਨੁਚਿਤ ਸ਼ੋਸ਼ਣ ਤੋਂ ਸੁਰੱਖਿਆ ਦਾ ਅਧਿਕਾਰ ‘ਉਪਭੋਗਤਾ ਸੁਰੱਖਿਆ ਐਕਟ, 2019’ ਵਿੱਚ ਦਿੱਤਾ ਗਿਆ ਇੱਕ ਬੁਨਿਆਦੀ ਅਧਿਕਾਰ ਹੈ, ਪਰ ਇਸ ਮਾਮਲੇ ਵਿੱਚ ਬਿਨਾਂ ਕਿਸੇ ਜਾਂਚ ਦੇ ਇਸ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਇਹ ਕਮਿਸ਼ਨ ਇਸ ਨੂੰ ਤੀਜੇ ਅਤੇ ਚੌਥੇ ਪ੍ਰਤੀਵਾਦੀ ਵੱਲੋਂ ਸੇਵਾ ਵਿੱਚ ਨਿਸ਼ਚਿਤ ਕਮੀ ਮੰਨਦਾ ਹੈ।” ਸੇਵਾ ਵਿੱਚ ਕਮੀ ਦੇ ਦੋਸ਼ ’ਚ ਮੁਆਵਜ਼ੇ ਦਾ ਹੁਕਮ ਕਮਿਸ਼ਨ ਨੇ ਸੇਵਾ ਵਿੱਚ ਕਮੀ ਲਈ ਰੀਜਨਲ ਅਤੇ ਜ਼ੋਨਲ ਮੈਨੇਜਰਾਂ ਨੂੰ ਜ਼ਿੰਮੇਵਾਰ ਠਹਿਰਾਇਆ। ਕਮਿਸ਼ਨ ਨੇ ਯਾਤਰੀ ਨੂੰ ਮਾਨਸਿਕ ਪਰੇਸ਼ਾਨੀ ਲਈ 50 ਹਜ਼ਾਰ ਰੁਪਏ ਅਤੇ ਖ਼ਰਚੇ ਵਜੋਂ 10 ਹਜ਼ਾਰ ਰੁਪਏ ਦੇਣ ਦਾ ਹੁਕਮ ਦਿੱਤਾ। ਇਸ ਦੇ ਨਾਲ ਹੀ ਕੰਡਕਟਰ ਅਤੇ ਡਰਾਈਵਰ ਖ਼ਿਲਾਫ਼ ਕੀਤੀ ਗਈ ਸ਼ਿਕਾਇਤ ਨੂੰ ਖਾਰਜ ਕਰ ਦਿੱਤਾ ਗਿਆ।

ਪੰਜਾਬ

## ਪੰਜਾਬ 'ਚ ਨਹੀਂ ਚੱਲੇਗਾ ਕੇਂਦਰੀ ਏਜੰਸੀਆਂ ਦਾ ਦਬਾਅ, ਬੈਂਸ ਨੇ ਭਾਜਪਾ ਅਤੇ ਕੇਂਦਰੀ ਏਜੰਸੀਆਂ 'ਤੇ ਲਾਏ ਗੰਭੀਰ ਇਲਜ਼ਾਮ

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਰਕਾਰ ਦੇ ਸਾਢੇ ਚਾਰ ਸਾਲਾਂ ਦਾ ਲੇਖਾ-ਜੋਖਾ ਪੇਸ਼ ਕੀਤਾ। ਜਾਣੋ ਪੰਜਾਬ ਸਰਕਾਰ ਦੀਆਂ ਗਰੰਟੀਆਂ, ਸਿੱਖਿਆ, ਸਿਹਤ ਤੇ ਹੋਰ ਉਪਲਬਧੀਆਂ ਬਾਰੇ।

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਇੱਕ ਪ੍ਰੈੱਸ ਕਾਨਫ਼ਰੰਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਸਾਢੇ ਚਾਰ ਸਾਲਾਂ ਦੇ ਕਾਰਜਕਾਲ ਦਾ ਲੇਖਾ-ਜੋਖਾ ਪੇਸ਼ ਕੀਤਾ। ਉਨ੍ਹਾਂ ਸਰਕਾਰ ਵੱਲੋਂ ਸਿੱਖਿਆ, ਸਿਹਤ, ਬਿਜਲੀ, ਪਾਣੀ ਅਤੇ ਲੋਕ ਭਲਾਈ ਨਾਲ ਜੁੜੀਆਂ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਕਾਰ ਨੇ ਚੋਣਾਂ ਦੌਰਾਨ ਪੰਜਾਬੀਆਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਕੰਮ ਕੀਤਾ ਹੈ।

ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਿਰਫ਼ ਚੋਣ ਵਾਅਦੇ ਪੂਰੇ ਕਰਨ ਤੱਕ ਹੀ ਆਪਣਾ ਕੰਮ ਸੀਮਤ ਨਹੀਂ ਰੱਖਿਆ, ਸਗੋਂ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਕਈ ਖੇਤਰਾਂ ਵਿੱਚ ਵਾਧੂ ਸਹੂਲਤਾਂ ਦੇਣ ਦਾ ਕੰਮ ਕੀਤਾ ਹੈ।

ਉਨ੍ਹਾਂ ਮੁਤਾਬਕ ਸੂਬੇ ਦੇ ਲੋਕਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਦੇਣ ਦੇ ਨਾਲ-ਨਾਲ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਅਤੇ ਸਿੱਖਿਆ ਦੇ ਮਿਆਰ ਵਿੱਚ ਸੁਧਾਰ ਲਈ ਕਦਮ ਚੁੱਕੇ ਗਏ ਹਨ। ਇਸ ਤੋਂ ਇਲਾਵਾ ਸਿਹਤ ਸੇਵਾਵਾਂ ਨੂੰ ਵੀ ਮਜ਼ਬੂਤ ਕਰਨ ਦਾ ਦਾਅਵਾ ਕੀਤਾ ਗਿਆ।

ਸਿੱਖਿਆ ਮੰਤਰੀ ਨੇ ਸ਼ਹੀਦਾਂ ਦੇ ਪਰਿਵਾਰਾਂ ਲਈ 1 ਕਰੋੜ ਰੁਪਏ ਦੀ ਸਨਮਾਨ ਰਾਸ਼ੀ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਦੀ ਖ਼ਾਤਰ ਕੁਰਬਾਨੀ ਦੇਣ ਵਾਲੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਇਹ ਰਾਸ਼ੀ ਦੇਣ ਦੀ ਗਰੰਟੀ ਨੂੰ ਸਰਕਾਰ ਵੱਲੋਂ ਲਾਗੂ ਕੀਤਾ ਗਿਆ ਹੈ।

ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਵਿੱਚ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਸਿਹਤ ਬੀਮਾ ਦੇਣ ਦੀ ਵਿਵਸਥਾ ਕੀਤੀ ਜਾ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਸਹੂਲਤ ਲਈ ਜਾਤੀ, ਧਰਮ ਜਾਂ ਸਾਲਾਨਾ ਆਮਦਨ ਵਰਗੀਆਂ ਬੰਦਿਸ਼ਾਂ ਨਹੀਂ ਰੱਖੀਆਂ ਗਈਆਂ।

ਉਨ੍ਹਾਂ ਮਹਿਲਾਵਾਂ ਲਈ ਵਿੱਤੀ ਸਹਾਇਤਾ ਦਾ ਵੀ ਜ਼ਿਕਰ ਕੀਤਾ। ਬੈਂਸ ਮੁਤਾਬਕ, ਮਹਿਲਾਵਾਂ ਨੂੰ 1,000 ਰੁਪਏ ਦੇਣ ਦੇ ਚੋਣ ਵਾਅਦੇ ਤੋਂ ਅੱਗੇ ਵਧਦਿਆਂ ਦਲਿਤ ਪਰਿਵਾਰਾਂ ਦੀਆਂ ਮਹਿਲਾਵਾਂ ਨੂੰ 1,500 ਰੁਪਏ ਪ੍ਰਤੀ ਮਹੀਨਾ ਸਨਮਾਨ ਭੱਤਾ ਦਿੱਤਾ ਜਾ ਰਿਹਾ ਹੈ।

ਹਰਜੋਤ ਸਿੰਘ ਬੈਂਸ ਨੇ ਹਰਿਆਣਾ ਅਤੇ ਦਿੱਲੀ ਵਿੱਚ ਮਹਿਲਾਵਾਂ ਨੂੰ ਦਿੱਤੀ ਜਾ ਰਹੀ ਵਿੱਤੀ ਸਹਾਇਤਾ ਦਾ ਹਵਾਲਾ ਦਿੰਦਿਆਂ ਉੱਥੇ ਲਾਗੂ ਕਥਿਤ ਸ਼ਰਤਾਂ ’ਤੇ ਸਵਾਲ ਚੁੱਕੇ।

ਉਨ੍ਹਾਂ ਕਿਹਾ ਕਿ 2,100 ਰੁਪਏ ਦੀ ਸਹਾਇਤਾ ਦੇ ਨਾਂ ’ਤੇ ਏਸੀ ਜਾਂ ਫਰਿੱਜ ਨਾ ਹੋਣ ਅਤੇ ਸਾਲਾਨਾ ਆਮਦਨ ਡੇਢ ਲੱਖ ਰੁਪਏ ਤੋਂ ਘੱਟ ਹੋਣ ਵਰਗੀਆਂ ਸ਼ਰਤਾਂ ਲਾਗੂ ਕੀਤੀਆਂ ਗਈਆਂ ਹਨ। ਬੈਂਸ ਨੇ ਦਾਅਵਾ ਕੀਤਾ ਕਿ ਅਜਿਹੀਆਂ ਸ਼ਰਤਾਂ ਕਾਰਨ ਵੱਡੀ ਗਿਣਤੀ ਵਿੱਚ ਲੋਕ ਇਸ ਤਰ੍ਹਾਂ ਦੀਆਂ ਸਹੂਲਤਾਂ ਤੋਂ ਬਾਹਰ ਰਹਿ ਸਕਦੇ ਹਨ। ਇਸ ਦੇ ਮੁਕਾਬਲੇ ਪੰਜਾਬ ਸਰਕਾਰ ਵੱਲੋਂ 18 ਸਾਲ ਤੋਂ ਵੱਧ ਉਮਰ ਦੀਆਂ ਯੋਗ ਮਹਿਲਾ ਵੋਟਰਾਂ ਨੂੰ ਬਿਨਾਂ ਅਜਿਹੀਆਂ ਸ਼ਰਤਾਂ ਦੇ ਲਾਭ ਦੇਣ ਦੀ ਗੱਲ ਕਹੀ ਗਈ ਹੈ।

ਸਿੱਖਿਆ ਮੰਤਰੀ ਨੇ ਪੰਜਾਬ ਵਿੱਚ ਨਹਿਰੀ ਪਾਣੀ ਨੂੰ ਟੇਲਾਂ ਤੱਕ ਪਹੁੰਚਾਉਣ ਲਈ ਕੀਤੇ ਜਾ ਰਹੇ ਕੰਮਾਂ ਦਾ ਵੀ ਜ਼ਿਕਰ ਕੀਤਾ।

**ਪੰਜਾਬ 'ਚ ਨਹੀਂ ਚੱਲੇਗਾ ਕੇਂਦਰੀ ਏਜੰਸੀਆਂ ਦਾ ਦਬਾਅ, ਬੈਂਸ ਨੇ ਭਾਜਪਾ ਅਤੇ ਕੇਂਦਰੀ ਏਜੰਸੀਆਂ 'ਤੇ ਲਾਏ ਗੰਭੀਰ ਇਲਜ਼ਾਮ (ਜਾਰੀ)**

ਉਨ੍ਹਾਂ ਕਿਹਾ ਕਿ ਪੰਜਾਬ ਦੇ ਕੁਦਰਤੀ ਵਸੀਲਿਆਂ ਦੀ ਸੰਭਾਲ ਅਤੇ ਪਾਣੀ ਦੀ ਬਿਹਤਰ ਵਰਤੋਂ ਲਈ ਸਰਕਾਰ ਵੱਲੋਂ ਵੱਖ-ਵੱਖ ਪੱਧਰਾਂ ’ਤੇ ਕਦਮ ਚੁੱਕੇ ਗਏ ਹਨ। ਉਨ੍ਹਾਂ ਮੁਤਾਬਕ ਨਹਿਰੀ ਪ੍ਰਣਾਲੀ ਨੂੰ ਮਜ਼ਬੂਤ ਕਰਕੇ ਖੇਤੀਬਾੜੀ ਅਤੇ ਪਾਣੀ ਨਾਲ ਜੁੜੀਆਂ ਲੋੜਾਂ ਨੂੰ ਪੂਰਾ ਕਰਨ ਵੱਲ ਧਿਆਨ ਦਿੱਤਾ ਜਾ ਰਿਹਾ ਹੈ।

ਪ੍ਰੈੱਸ ਕਾਨਫ਼ਰੰਸ ਦੌਰਾਨ ਹਰਜੋਤ ਸਿੰਘ ਬੈਂਸ ਨੇ ਭਾਰਤੀ ਜਨਤਾ ਪਾਰਟੀ ’ਤੇ ਵੀ ਸਿਆਸੀ ਨਿਸ਼ਾਨਾ ਸਾਧਿਆ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿੱਚ ਸਿਆਸੀ ਤੌਰ ’ਤੇ ਦਬਾਅ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਕੇਂਦਰੀ ਏਜੰਸੀਆਂ ਦੀ ਵਰਤੋਂ ਰਾਹੀਂ ਪੰਜਾਬ ਦੀ ਸਿਆਸਤ ਵਿੱਚ ਦਖ਼ਲ ਦੇਣ ਦੇ ਯਤਨ ਹੋ ਰਹੇ ਹਨ।

ਬੈਂਸ ਨੇ ਕਿਹਾ ਕਿ ਪੰਜਾਬ ਦੇ ਲੋਕ ਕਿਸੇ ਵੀ ਤਰ੍ਹਾਂ ਦਾ ਸਿਆਸੀ ਦਬਾਅ ਬਰਦਾਸ਼ਤ ਨਹੀਂ ਕਰਦੇ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਵਿਕਾਸ ਅਤੇ ਲੋਕ-ਪੱਖੀ ਕੰਮਾਂ ਦੀ ਰਫ਼ਤਾਰ ਨੂੰ ਰੋਕਣ ਨਹੀਂ ਦਿੱਤਾ ਜਾਵੇਗਾ।

ਹਰਜੋਤ ਸਿੰਘ ਬੈਂਸ ਨੇ ਪ੍ਰੈੱਸ ਕਾਨਫ਼ਰੰਸ ਵਿੱਚ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਅਤੇ ਫ਼ੈਸਲਿਆਂ ਨੂੰ ਲੋਕ ਭਲਾਈ ਨਾਲ ਜੋੜਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਪੰਜਾਬ ਦੇ ਵਿਕਾਸ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਧਿਆਨ ਸਿੱਖਿਆ, ਸਿਹਤ, ਬਿਜਲੀ, ਪਾਣੀ ਅਤੇ ਲੋਕ ਭਲਾਈ ਨਾਲ ਸਬੰਧਤ ਖੇਤਰਾਂ ਵਿੱਚ ਸਹੂਲਤਾਂ ਵਧਾਉਣ ’ਤੇ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਇਹ ਕੰਮ ਜਾਰੀ ਰਹਿਣਗੇ।

ਖੇਡਾਂ • ਭਾਰਤ

## ਲਗਾਤਾਰ ਦੂਜੇ ਏਸ਼ੀਅਨ ਗੇਮਜ਼ 'ਚ ਸਤਨਾਮ ਦਾ ਜਲਵਾ, ਸਲਮਾਨ ਨਾਲ ਮਿਲ ਕੇ ਰੋਇੰਗ 'ਚ ਭਾਰਤ ਨੂੰ ਦਿਵਾਇਆ ਕਾਂਸੀ ਦਾ ਤਗ਼ਮਾ

ਸਲਮਾਨ ਦੋ ਵਾਰ ਇਸ ਖੇਡ ਨੂੰ ਛੱਡਣ ਦੇ ਨੇੜੇ ਪਹੁੰਚ ਗਏ ਸਨ। ਦੋਵਾਂ ਮੌਕਿਆਂ 'ਤੇ ਉਸਦੇ ਕੋਚਾਂ ਦਾ ਹੌਸਲਾ ਵਧਾਉਣਾ ਫੈਸਲਾਕੁੰਨ ਸਾਬਤ ਹੋਇਆ। ਉਸਦੀਆਂ ਕਾਬਲੀਅਤਾਂ ਵਿੱਚ ਉਨ੍ਹਾਂ ਦੇ ਭਰੋਸੇ ਨੇ ਉਸਨੂੰ ਡਟੇ ਰਹਿਣ ਵਿੱਚ ਮਦਦ ਕੀਤੀ, ਜਿਸ ਸਦਕਾ ਉਸਨੂੰ ਵੱਕਾਰੀ 'ਆਰਮੀ ਰੋਇੰਗ ਨੋਡ' ਵਿੱਚ ਜਗ੍ਹਾ ਮਿਲੀ

ਸਪੋਰਟਸ ਡੈਸਕ, ਨਵੀਂ ਦਿੱਲੀ: ਆਈਚੀ-ਨਾਗੋਯਾ ਵਿੱਚ ਚੱਲ ਰਹੀਆਂ ਏਸ਼ੀਆਈ ਖੇਡਾਂ ਦੇ ਪੰਜਵੇਂ ਦਿਨ ਭਾਰਤ ਨੇ ਸ਼ੁਰੂਆਤ ਵਿੱਚ ਹੀ ਇੱਕ ਤਗਮਾ ਆਪਣੇ ਨਾਂ ਕੀਤਾ। ਸਤਨਾਮ ਸਿੰਘ ਅਤੇ ਸਲਮਾਨ ਖਾਨ ਦੀ ਭਾਰਤੀ ਜੋੜੀ ਨੇ ਪੁਰਸ਼ਾਂ ਦੇ 'ਡਬਲ ਸਕਲਜ਼' ਮੁਕਾਬਲੇ ਦੇ ਫਾਈਨਲ ਵਿੱਚ ਕਾਂਸੀ ਦਾ ਤਗਮਾ ਜਿੱਤਿਆ।

ਇਸ ਜੋੜੀ ਨੇ 6:13.25 ਦੇ ਸਮੇਂ ਨਾਲ ਕਾਂਸੀ ਦਾ ਤਗਮਾ ਹਾਸਲ ਕੀਤਾ। ਸਤਨਾਮ ਸਿੰਘ ਅਤੇ ਸਲਮਾਨ ਖਾਨ ਚੀਨੀ ਜੋੜੀ ਯੀ ਜੂਡੀ ਅਤੇ ਨੀ ਯੀਦੇ (ਸੋਨ ਤਗਮਾ ਜੇਤੂ) ਤੋਂ 3.48 ਸਕਿੰਟ ਅਤੇ ਉਜ਼ਬੇਕਿਸਤਾਨ ਦੇ ਮੇਖਰੋਜ਼ਬੇਕ ਮਾਮਾਤਕੁਲੋਵ ਅਤੇ ਪਾਵੇਲ ਸੋਰਿਨ (ਚਾਂਦੀ ਦਾ ਤਗਮਾ ਜੇਤੂ) ਤੋਂ 2.76 ਸਕਿੰਟ ਪਿੱਛੇ ਰਹੇ। ਸਤਨਾਮ ਅਤੇ ਸਲਮਾਨ 500 ਮੀਟਰ 1000 ਮੀਟਰ ਅਤੇ 1500 ਮੀਟਰ ਦੇ ਪੜਾਵਾਂ 'ਤੇ ਦੂਜੇ ਸਥਾਨ 'ਤੇ ਸਨ। ਚੀਨੀ ਖਿਡਾਰੀਆਂ ਤੋਂ ਸਿਰਫ਼ ਅੱਧਾ ਸਕਿੰਟ ਪਿੱਛੇ ਪਰ ਅੰਤਿਮ ਪੜਾਅ ਵਿੱਚ ਉਹ ਪਿੱਛੇ ਰਹਿ ਗਏ। ਇਹ ਏਸ਼ੀਆਈ ਖੇਡਾਂ ਵਿੱਚ ਸਤਨਾਮ ਦਾ ਦੂਜਾ ਕਾਂਸੀ ਦਾ ਤਗਮਾ ਹੈ; ਇਸ ਤੋਂ ਪਹਿਲਾਂ ਉਹ ਪੁਰਸ਼ਾਂ ਦੀ 'ਕਵਾਡਰੂਪਲ ਸਕਲਜ਼' ਟੀਮ ਦਾ ਹਿੱਸਾ ਸਨ ਜਿਸ ਨੇ ਹਾਂਗਜ਼ੂ 2023 ਵਿੱਚ ਕਾਂਸੀ ਦਾ ਤਗਮਾ ਜਿੱਤਿਆ ਸੀ।

ਸਤਨਾਮ ਸਿੰਘ ਦੇ ਖੇਡ ਸਫ਼ਰ ਦੀ ਸ਼ੁਰੂਆਤ ਹੈਂਡਬਾਲ ਕੋਰਟ ਤੋਂ ਹੋਈ, ਜਿੱਥੇ ਉਨ੍ਹਾਂ ਨੇ ਰਾਸ਼ਟਰੀ ਪੱਧਰ 'ਤੇ ਮੁਕਾਬਲਾ ਕੀਤਾ ਅਤੇ ਬਾਅਦ ਵਿੱਚ 2018 ਵਿੱਚ ਰੋਇੰਗ ਵੱਲ ਰੁਖ ਕੀਤਾ। ਇਹ ਤਬਦੀਲੀ ਓਲੰਪੀਅਨ ਸਵਰਨ ਸਿੰਘ ਵਿਰਕ ਤੋਂ ਪ੍ਰੇਰਿਤ ਸੀ, ਜਿਨ੍ਹਾਂ ਨੇ ਉਨ੍ਹਾਂ ਦੀ ਸਰੀਰਕ ਸਮਰੱਥਾ ਨੂੰ ਪਛਾਣਿਆ ਅਤੇ ਉਨ੍ਹਾਂ ਨੂੰ ਇਸ ਖੇਡ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ। ਇਸ ਫੈਸਲੇ ਨੇ ਭਾਰਤੀ ਰੋਇੰਗ ਵਿੱਚ ਤੇਜ਼ੀ ਨਾਲ ਉਭਾਰ ਦੀ ਸ਼ੁਰੂਆਤ ਕੀਤੀ। ਪੰਜਾਬ ਦੇ ਮਾਨਸਾ ਜ਼ਿਲ੍ਹੇ ਨਾਲ ਸਬੰਧਤ ਸਤਨਾਮ ਨੇ ਜਲਦੀ ਹੀ ਦੇਸ਼ ਦੇ ਸਭ ਤੋਂ ਹੋਣਹਾਰ ਰੋਅਰਾਂ ਵਿੱਚੋਂ ਇੱਕ ਵਜੋਂ ਆਪਣੀ ਪਛਾਣ ਬਣਾ ਲਈ। ਉਨ੍ਹਾਂ ਨੇ 2018 ਯੂਥ ਓਲੰਪਿਕ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ ਅਤੇ 40ਵੀਂ ਸੀਨੀਅਰ ਰਾਸ਼ਟਰੀ ਰੋਇੰਗ ਚੈਂਪੀਅਨਸ਼ਿਪ ਵਿੱਚ ਪੁਰਸ਼ਾਂ ਦੇ 'ਸਿੰਗਲ ਸਕਲਜ਼' ਦਾ ਖਿਤਾਬ ਜਿੱਤਿਆ; ਉਹ ਇਹ ਉਪਲਬਧੀ ਹਾਸਲ ਕਰਨ ਵਾਲੇ ਭਾਰਤੀ ਜਲ ਸੈਨਾ ਦੇ ਪਹਿਲੇ ਰੋਅਰ ਬਣੇ। ਸਤਨਾਮ ਨੇ 2023 ਦੀਆਂ ਹਾਂਗਜ਼ੂ ਏਸ਼ੀਆਈ ਖੇਡਾਂ ਦੌਰਾਨ ਮਹਾਂਦੀਪੀ ਪੱਧਰ 'ਤੇ ਆਪਣੀ ਛਾਪ ਛੱਡੀ, ਜਿੱਥੇ ਉਹ ਭਾਰਤੀ ਪੁਰਸ਼ 'ਕਵਾਡਰੂਪਲ ਸਕਲਜ਼' ਟੀਮ ਦਾ ਹਿੱਸਾ ਸਨ ਜਿਸ ਨੇ ਕਾਂਸੀ ਦਾ ਤਗਮਾ ਜਿੱਤਿਆ ਸੀ। ਖੇਡਾਂ ਦੌਰਾਨ ਇੱਕ ਸ਼ੁਰੂ ਸਲਮਾਨ ਖਾਨ ਦਾ ਸਫ਼ਰ

ਸਲਮਾਨ ਖਾਨ ਦੇ ਰੋਇੰਗ ਦੇ ਸਫ਼ਰ ਦੀ ਸ਼ੁਰੂਆਤ 2018 ਵਿੱਚ ਹੋਈ ਜਦੋਂ ਉਹ ਭਾਰਤੀ ਫੌਜ ਦੇ 'ਬੰਬੇ ਇੰਜੀਨੀਅਰ ਗਰੁੱਪ' ਵਿੱਚ ਸ਼ਾਮਲ ਹੋਏ। ਉਸਦੀ ਪ੍ਰਤਿਭਾ ਨੂੰ ਪਛਾਣਦਿਆਂ, ਉਸਦੇ ਕੋਚਾਂ ਸਤਿਆਵਾਨ, ਸਤੀਸ਼ ਸਿਰਤ ਅਤੇ ਪ੍ਰਭਾਤ ਮਿਸ਼ਰਾ ਨੇ ਉਸਨੂੰ ਇਸ ਖੇਡ ਨਾਲ ਜਾਣੂ ਕਰਵਾਇਆ ਅਤੇ ਸੈਂਟਰ ਦੀ ਰੋਇੰਗ ਟੀਮ ਲਈ ਚੁਣਿਆ। ਉਸਨੇ ਜਲਦੀ ਹੀ ਸਫਲਤਾ ਹਾਸਲ ਕੀਤੀ ਅਤੇ ਬਟਾਲੀਅਨ ਤੇ ਅੰਤਰ-ਸੈਂਟਰ ਮੁਕਾਬਲਿਆਂ ਵਿੱਚ ਸੋਨੇ ਅਤੇ ਚਾਂਦੀ ਦੇ ਤਗਮੇ ਜਿੱਤੇ।

(@) ਸਤੰਬਰ 24, 2026 ਇੱਕ ਵਧੀਆ ਸ਼ੁਰੂਆਤ ਦੇ ਬਾਵਜੂਦ, ਸਲਮਾਨ ਦੋ ਵਾਰ ਇਸ ਖੇਡ ਨੂੰ ਛੱਡਣ ਦੇ ਨੇੜੇ ਪਹੁੰਚ ਗਏ ਸਨ। ਦੋਵਾਂ ਮੌਕਿਆਂ 'ਤੇ ਉਸਦੇ ਕੋਚਾਂ ਦਾ ਹੌਸਲਾ ਵਧਾਉਣਾ ਫੈਸਲਾਕੁੰਨ ਸਾਬਤ ਹੋਇਆ।

**ਲਗਾਤਾਰ ਦੂਜੇ ਏਸ਼ੀਅਨ ਗੇਮਜ਼ 'ਚ ਸਤਨਾਮ ਦਾ ਜਲਵਾ, ਸਲਮਾਨ ਨਾਲ ਮਿਲ ਕੇ ਰੋਇੰਗ 'ਚ ਭਾਰਤ ਨੂੰ ਦਿਵਾਇਆ ਕਾਂਸੀ ਦਾ ਤਗ਼ਮਾ (ਜਾਰੀ)**

ਉਸਦੀਆਂ ਕਾਬਲੀਅਤਾਂ ਵਿੱਚ ਉਨ੍ਹਾਂ ਦੇ ਭਰੋਸੇ ਨੇ ਉਸਨੂੰ ਡਟੇ ਰਹਿਣ ਵਿੱਚ ਮਦਦ ਕੀਤੀ, ਜਿਸ ਸਦਕਾ ਉਸਨੂੰ ਵੱਕਾਰੀ 'ਆਰਮੀ ਰੋਇੰਗ ਨੋਡ' ਵਿੱਚ ਜਗ੍ਹਾ ਮਿਲੀ, ਜਿੱਥੇ ਉਸਨੇ ਸੀਨੀਅਰ ਕੋਚ ਕੁਦਰਤ ਅਲੀ ਅਤੇ ਸਿਖਲਾਈ ਅਧਿਕਾਰੀ ਮੇਜਰ ਨਗੇਂਦਰ ਹੁੱਡਾ ਦੀ ਅਗਵਾਈ ਹੇਠ ਸਿਖਲਾਈ ਪ੍ਰਾਪਤ ਕੀਤੀ। ਸਲਮਾਨ ਦੀ ਲਗਨ ਨੇ ਉਸਨੂੰ ਲਗਾਤਾਰ ਤਰੱਕੀ ਵੱਲ ਅਗਵਾਈ ਦਿੱਤੀ। 2023 ਵਿੱਚ ਉਸਨੂੰ 'ਟਾਰਗੇਟ ਓਲੰਪਿਕ ਪੋਡੀਅਮ ਸਕੀਮ' ਵਿੱਚ ਸ਼ਾਮਲ ਕੀਤਾ ਗਿਆ, ਜਿਸ ਨਾਲ ਉਸਨੂੰ ਉੱਚ-ਪੱਧਰੀ ਸਿਖਲਾਈ ਅਤੇ ਖੇਡ ਵਿਗਿਆਨ ਸਬੰਧੀ ਸਹਾਇਤਾ ਮਿਲਣੀ ਸ਼ੁਰੂ ਹੋਈ। ਇੱਕ ਸਾਲ ਬਾਅਦ ਉਸਨੇ 'ਏਸ਼ੀਅਨ ਰੋਇੰਗ ਕੱਪ' ਵਿੱਚ ਤਗਮਾ ਜਿੱਤਿਆ। ਇਸ ਪ੍ਰਾਪਤੀ ਕਾਰਨ ਉਸਨੂੰ ਭਾਰਤੀ ਫੌਜ ਵਿੱਚ 'ਨਾਇਬ ਸੂਬੇਦਾਰ' ਦੇ ਅਹੁਦੇ 'ਤੇ ਤਰੱਕੀ ਵੀ ਮਿਲੀ। ਹੁਣ ਉਹ ਭਾਰਤ ਦੀ ਏਸ਼ੀਅਨ ਖੇਡਾਂ ਵਾਲੀ ਰੋਇੰਗ ਟੀਮ ਦਾ ਮੈਂਬਰ ਹੈ। ਆਪਣੇ ਸਫ਼ਰ ਬਾਰੇ ਗੱਲ ਕਰਦਿਆਂ, ਸਲਮਾਨ ਆਪਣੀ ਸਫਲਤਾ ਦਾ ਸਿਹਰਾ ਆਪਣੇ ਕੋਚਾਂ, ਟ੍ਰੇਨਰਾਂ ਅਤੇ ਫੌਜ ਦੇ ਸਹਾਇਕ ਅਮਲੇ ਦੇ ਅਟੁੱਟ ਸਹਿਯੋਗ ਨੂੰ ਦਿੰਦਾ ਹੈ। ਉਸ ਲਈ, ਰੋਇੰਗ ਸਿਰਫ਼ ਤਗਮੇ ਜਿੱਤਣ ਬਾਰੇ ਨਹੀਂ ਹੈ; ਇਹ ਮਾਣ ਨਾਲ ਭਾਰਤ ਦੀ ਨੁਮਾਇੰਦਗੀ ਕਰਨ ਅਤੇ ਭਾਰਤੀ ਫੌਜ ਵੱਲੋਂ ਦਿੱਤੇ ਗਏ ਮੌਕਿਆਂ ਦਾ ਸਨਮਾਨ ਕਰਨ ਬਾਰੇ ਹੈ।

ਵਿਸ਼ਵ

## ਚੀਨ ਵਧਾ ਰਿਹਾ ਆਪਣੀ ਪਰਮਾਣੂ ਸਮਰੱਥਾ, 7 ਥਾਵਾਂ ’ਤੇ ਦੇਖੀਆਂ ਗਈਆਂ ਨਵੀਆਂ ਗਤੀਵਿਧੀਆਂ; ਕੀ ਹੈ ਡਰੈਗਨ ਦੀ ਪਲਾਨਿੰਗ?

ਚੀਨ ਸੱਤ ਪ੍ਰਮੁੱਖ ਥਾਵਾਂ ’ਤੇ ਪਰਮਾਣੂ ਬੁਨਿਆਦੀ ਢਾਂਚੇ ਦਾ ਤੇਜ਼ੀ ਨਾਲ ਵਿਸਥਾਰ ਕਰ ਰਿਹਾ ਹੈ, ਜਿਸ ਕਾਰਨ ਦੁਨੀਆ ਦੀਆਂ ਚਿੰਤਾਵਾਂ ਵਧ ਗਈਆਂ ਹਨ।

ਬੀਜਿੰਗ: ਚੀਨ ਦਾ ਪਰਮਾਣੂ ਪ੍ਰੋਗਰਾਮ ਇੱਕ ਵਾਰ ਫਿਰ ਵਿਸ਼ਵ ਰਾਜਨੀਤੀ ’ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਦੀ ਵਜ੍ਹਾ ਹਾਲ ਹੀ ’ਚ ਸਾਹਮਣੇ ਆਈ ਇੱਕ ਰਿਪੋਰਟ ਹੈ, ਜਿਸ ’ਚ ਕੀਤੇ ਗਏ ਦਾਅਵਿਆਂ ਨੇ ਦੁਨੀਆ ਭਰ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਇਸ ਪੂਰੇ ਮਾਮਲੇ ਨੂੰ ਇਸ ਤਰ੍ਹਾਂ ਸਮਝੋ ਕਿ ਇੱਕ ਅੰਤਰਰਾਸ਼ਟਰੀ ਰਿਪੋਰਟ ਮੁਤਾਬਕ ਚੀਨ ਆਪਣੇ ਪਰਮਾਣੂ ਬੁਨਿਆਦੀ ਢਾਂਚੇ ਦਾ ਵੱਡੇ ਪੱਧਰ ’ਤੇ ਵਿਸਥਾਰ ਕਰ ਰਿਹਾ ਹੈ। ਇੰਨਾ ਹੀ ਨਹੀਂ, ਦੇਸ਼ ਭਰ ਦੇ ਰਣਨੀਤਕ ਟਿਕਾਣਿਆਂ ’ਤੇ ਨਵੇਂ ਨਿਰਮਾਣ ਤੇ ਆਧੁਨਿਕੀਕਰਨ ਦਾ ਕੰਮ ਵੀ ਤੇਜ਼ੀ ਨਾਲ ਚੱਲ ਰਿਹਾ ਹੈ। ਅਜਿਹੇ ’ਚ ਹੁਣ ਸਵਾਲ ਖੜ੍ਹਾ ਹੋ ਰਿਹਾ ਹੈ ਕਿ ਜੰਗ ਦੀਆਂ ਚਿੰਤਾਵਾਂ ਨਾਲ ਘਿਰੀ ਦੁਨੀਆ ਵਿਚਕਾਰ ਡਰੈਗਨ ਆਖ਼ਿਰ ਕੀ ਸੰਦੇਸ਼ ਦੇਣਾ ਚਾਹੁੰਦਾ ਹੈ? ਕੀ ਸ਼ੀ ਜਿਨਪਿੰਗ ਕੁਝ ਵੱਡਾ ਸੋਚ ਰਹੇ ਹਨ?

ਸੈਟੇਲਾਈਟ ਤਸਵੀਰਾਂ ਤੇ ਮਾਹਿਰਾਂ ਦੇ ਵਿਸ਼ਲੇਸ਼ਣ ’ਤੇ ਆਧਾਰਿਤ ‘ਦ ਟੈਲੀਗ੍ਰਾਫ’ ਦੀ ਇੱਕ ਜਾਂਚ ਰਿਪੋਰਟ ’ਚ ਖੁਲਾਸਾ ਹੋਇਆ ਹੈ ਕਿ ਚੀਨ ਦੇ ਸੱਤ ਮਹੱਤਵਪੂਰਨ ਟਿਕਾਣਿਆਂ ’ਤੇ ਸ਼ੱਕੀ ਗਤੀਵਿਧੀਆਂ ਦੇਖੀਆਂ ਗਈਆਂ ਹਨ। ਇਨ੍ਹਾਂ ’ਚ ਪਿੰਗਟੋਂਗ, ਜਿਤੋਂਗ, ਲੋਪ ਨੂਰ, ਜਿਉਕੁਆਨ, ਮਿਆਂਗ, ਜਿੰਟਾ ਤੇ ਗੁਆਂਗਯੁਆਨ ਸ਼ਾਮਲ ਹਨ। ਇਨ੍ਹਾਂ ਗਤੀਵਿਧੀਆਂ ਦੇ ਸਾਹਮਣੇ ਆਉਣ ਤੋਂ ਬਾਅਦ ‘ਫੈਡਰੇਸ਼ਨ ਆਫ ਅਮੈਰੀਕਨ ਸਾਇੰਟਿਸਟਸ’ ਦੀ 2026 ਦੀ ਨਿਊਕਲੀਅਰ ਨੋਟਬੁੱਕ ਰਿਪੋਰਟ ਮੁਤਾਬਕ, ਇਸ ਸਮੇਂ ਚੀਨ ਕੋਲ ਅੰਦਾਜ਼ਨ 620 ਪਰਮਾਣੂ ਹਥਿਆਰ ਹਨ। ਅਜਿਹੇ ’ਚ ਨਵੇਂ ਡਿਲਿਵਰੀ ਸਿਸਟਮ, ਯਾਨੀ ਹਥਿਆਰਾਂ ਨੂੰ ਉਨ੍ਹਾਂ ਦੇ ਨਿਸ਼ਾਨੇ ਤੱਕ ਪਹੁੰਚਾਉਣ ਲਈ ਚੀਨ ਲਗਾਤਾਰ ਹੋਰ ਹਥਿਆਰ ਬਣਾਉਣ ’ਤੇ ਜ਼ੋਰ ਦੇ ਰਿਹਾ ਹੈ।

ਜ਼ਮੀਨ, ਹਵਾ ਤੇ ਸਮੁੰਦਰ—ਤਿੰਨਾਂ ਮੋਰਚਿਆਂ ’ਤੇ ਮਜ਼ਬੂਤ ਡਰੈਗਨ ਅੱਜ ਦੇ ਸਮੇਂ ’ਚ ਇਸ ਗੱਲ ’ਚ ਕੋਈ ਦੋ ਰਾਏ ਨਹੀਂ ਕਿ ਚੀਨ ਸਿਰਫ਼ ਜ਼ਮੀਨ ਆਧਾਰਿਤ ਮਿਜ਼ਾਈਲਾਂ, ਜਿਵੇਂ ਨਵੇਂ ਸਿਲੋਜ਼ ਤੇ ਸਿਲੋਜ਼ ਤੱਕ ਸੀਮਿਤ ਨਹੀਂ ਹੈ। ਉਹ ਆਪਣੀ ਨੇਵੀ ਨੂੰ ਮਜ਼ਬੂਤ ਕਰਦੇ ਹੋਏ ਟਾਈਪ 094 ਪਣਡੁੱਬੀਆਂ ’ਚ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਫਿੱਟ ਕਰ ਰਿਹਾ ਹੈ ਤੇ ਅਗਲੀ ਪੀੜ੍ਹੀ ਦੀ ਟਾਈਪ 096 ਪਣਡੁੱਬੀ ’ਤੇ ਵੀ ਕੰਮ ਕਰ ਰਿਹਾ ਹੈ। ਇਸ ਤੋਂ ਇਲਾਵਾ, ਪਰਮਾਣੂ ਸਮਰੱਥਾ ਨਾਲ ਲੈਸ ਏਅਰ-ਲਾਂਚ ਮਿਜ਼ਾਈਲਾਂ ਵਾਲੇ ਬੰਬਰ ਨੂੰ ਵੀ ਇਸ ਮਿਸ਼ਨ ’ਚ ਸ਼ਾਮਲ ਕੀਤਾ ਗਿਆ ਹੈ।




**ਚੀਨ ਵਧਾ ਰਿਹਾ ਆਪਣੀ ਪਰਮਾਣੂ ਸਮਰੱਥਾ, 7 ਥਾਵਾਂ ’ਤੇ ਦੇਖੀਆਂ ਗਈਆਂ ਨਵੀਆਂ ਗਤੀਵਿਧੀਆਂ; ਕੀ ਹੈ ਡਰੈਗਨ ਦੀ ਪਲਾਨਿੰਗ? (ਜਾਰੀ)**

ਸ਼ੀ ਜਿਨਪਿੰਗ ਦਾ ਅਮਰੀਕਾ ਦੌਰਾ ਤੇ ਨਵੀਂ ਕੂਟਨੀਤੀ ਦੀ ਕਹਾਣੀ ਹੁਣ ਇਸ ਪੂਰੇ ਮਾਮਲੇ ’ਚ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਹ ਰਿਪੋਰਟ ਅਜਿਹੇ ਸਮੇਂ ਸਾਹਮਣੇ ਆਈ ਹੈ, ਜਦੋਂ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਾਸ਼ਿੰਗਟਨ ’ਚ ਮੁਲਾਕਾਤ ਕਰ ਰਹੇ ਹਨ। ਆਪਣੀ ਅਮਰੀਕੀ ਯਾਤਰਾ ਨੂੰ ਲੈ ਕੇ ਜਾਰੀ ਇੱਕ ਲਿਖਤੀ ਬਿਆਨ ’ਚ ਸ਼ੀ ਜਿਨਪਿੰਗ ਨੇ ਕਿਹਾ ਕਿ ਅਮਰੀਕਾ ਤੇ ਚੀਨ ਨੂੰ ਵਿਰੋਧੀ ਨਹੀਂ, ਸਗੋਂ ਭਾਈਵਾਲ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਸਹਿਯੋਗ ਤੇ ਮਤਭੇਦਾਂ ਨੂੰ ਸੰਭਾਲਣ ’ਤੇ ਜ਼ੋਰ ਦਿੱਤਾ, ਭਾਵੇਂ ਜ਼ਮੀਨੀ ਹਕੀਕਤ ਪਰਮਾਣੂ ਹਥਿਆਰਾਂ ਦੀ ਦੌੜ ਵੱਲ ਇਸ਼ਾਰਾ ਕਰ ਰਹੀ ਹੋਵੇ। ਦੂਜੀ ਤੇ ਸਭ ਤੋਂ ਅਹਿਮ ਗੱਲ ਇਹ ਹੈ ਕਿ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਵਿਚਕਾਰ ਬੀਜਿੰਗ ਲਗਾਤਾਰ ਇਹ ਦਾਅਵਾ ਕਰਦਾ ਰਿਹਾ ਹੈ ਕਿ ਉਸਦਾ ਪਰਮਾਣੂ ਪ੍ਰੋਗਰਾਮ ਪੂਰੀ ਤਰ੍ਹਾਂ ਰੱਖਿਆਤਮਕ ਹੈ। ਨੋ-ਫਰਸਟ-ਯੂਜ਼ ਨੀਤੀ ’ਤੇ ਲਗਾਤਾਰ ਦੇ ਰਿਹਾ ਜ਼ੋਰ ਇਸ ਤੋਂ ਇਲਾਵਾ, ਪਰਮਾਣੂ ਅਪ੍ਰਸਾਰ ਸੰਧੀ ਦੀ ਸਮੀਖਿਆ ਪ੍ਰਕਿਰਿਆ ’ਚ ਚੀਨ ਨੇ ਦੁਹਰਾਇਆ ਹੈ ਕਿ ਉਹ ਆਪਣੀ ਸੁਰੱਖਿਆ ਲਈ ਘੱਟੋ-ਘੱਟ ਪੱਧਰ ’ਤੇ ਪਰਮਾਣੂ ਤਾਕਤ ਰੱਖਦਾ ਹੈ ਤੇ ਉਹ ਕਦੇ ਵੀ ਪਹਿਲਾਂ ਪਰਮਾਣੂ ਹਥਿਆਰਾਂ ਦੀ ਵਰਤੋਂ ਨਹੀਂ ਕਰੇਗਾ। ਹੁਣ ਇਸ ਗੱਲ ਨੂੰ ਪੁਰਾਣੀ ਕੜੀ ਨਾਲ ਜੋੜਿਆ ਜਾਵੇ ਤਾਂ ਇਸ ਸਾਲ ਅਪ੍ਰੈਲ ’ਚ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੁਓ ਜਿਆਕੁਨ ਤੇ ਮਈ ’ਚ ਹਥਿਆਰ ਨਿਯੰਤਰਣ ਅਧਿਕਾਰੀ ਸਨ ਸ਼ਿਆਓਬੋ ਨੇ ਸਪੱਸ਼ਟ ਕੀਤਾ ਸੀ ਕਿ ਚੀਨ ਕਿਸੇ ਵੀ ਦੇਸ਼ ਨਾਲ ਪਰਮਾਣੂ ਹਥਿਆਰਾਂ ਦੀ ਦੌੜ ’ਚ ਸ਼ਾਮਲ ਨਹੀਂ ਹੋਣਾ ਚਾਹੁੰਦਾ। ਚੀਨ ਦੀ ਪਲਾਨਿੰਗ ’ਤੇ ਵਿਸ਼ਲੇਸ਼ਕਾਂ ਦੀ ਰਾਏ ਕੀ ਹੈ? ਕੁੱਲ ਮਿਲਾ ਕੇ, ਭਾਵੇਂ ਚੀਨ ਅਧਿਕਾਰਤ ਤੌਰ ’ਤੇ ਆਪਣੀ ‘ਨੋ-ਫਰਸਟ-ਯੂਜ਼’ ਨੀਤੀ ’ਤੇ ਕਾਇਮ ਰਹਿਣ ਦੀ ਗੱਲ ਕਹਿੰਦਾ ਹੈ, ਪਰ ਪੱਛਮੀ ਤੇ ਸੁਤੰਤਰ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਸ ਵੱਡੇ ਵਿਸਥਾਰ ਨੇ ਵਿਸ਼ਵ ਪੱਧਰ ’ਤੇ ਚਿੰਤਾ ਵਧਾ ਦਿੱਤੀ ਹੈ। ‘ਫੈਡਰੇਸ਼ਨ ਆਫ ਅਮੈਰੀਕਨ ਸਾਇੰਟਿਸਟਸ’ ਦਾ ਕਹਿਣਾ ਹੈ ਕਿ ਇਸ ਗੱਲ ਦੇ ਪੱਕੇ ਸਬੂਤ ਨਹੀਂ ਹਨ ਕਿ ਬੀਜਿੰਗ ਨੇ ਆਪਣੀ ‘ਨੋ-ਫਰਸਟ-ਯੂਜ਼’ ਨੀਤੀ ਨੂੰ ਅਧਿਕਾਰਤ ਤੌਰ ’ਤੇ ਛੱਡ ਦਿੱਤਾ ਹੈ। ਹਾਲਾਂਕਿ, ਇਸ ’ਚ ਕੋਈ ਦੋ ਰਾਏ ਨਹੀਂ ਕਿ ਚੀਨ ਦਾ ਵਧਦਾ ਤੇ ਆਧੁਨਿਕ ਹੁੰਦਾ ਹਥਿਆਰਾਂ ਦਾ ਭੰਡਾਰ ਉਸਦੀ ਪਰਮਾਣੂ ਸਮਰੱਥਾ ਨੂੰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸੁਰੱਖਿਅਤ ਤੇ ਸ਼ਕਤੀਸ਼ਾਲੀ ਬਣਾ ਰਿਹਾ ਹੈ।

ਵਪਾਰ

## ਸੈਂਸੈਕਸ ਅਤੇ ਨਿਫਟੀ ‘ਚ ਭਾਰੀ ਗਿਰਾਵਟ, ਕੱਚੇ ਤੇਲ ਨੇ ਵਿਗਾੜਿਆ ਨਿਵੇਸ਼ਕਾਂ ਦਾ ਮੂਡ

ਵੀਰਵਾਰ ਨੂੰ ਸ਼ੇਅਰ ਬਾਜ਼ਾਰ ਵਿੱਚ ਵੱਡੀ ਗਿਰਾਵਟ ਦੇਖਣ ਨੂੰ ਮਿਲੀ। ਕਰੂਡ ਆਇਲ ਦੀ ਕੀਮਤ 102 ਡਾਲਰ ਤੋਂ ਪਾਰ ਜਾਣ ਕਾਰਨ ਸੈਂਸੈਕਸ-ਨਿਫਟੀ ਵਿੱਚ 1% ਦੀ ਗਿਰਾਵਟ ਦਰਜ ਕੀਤੀ ਗਈ।

ਵੀਰਵਾਰ ਦਾ ਦਿਨ ਭਾਰਤੀ ਸ਼ੇਅਰ ਬਾਜ਼ਾਰ ਦੇ ਨਿਵੇਸ਼ਕਾਂ ਲਈ ਨਿਰਾਸ਼ਾਜਨਕ ਰਿਹਾ। ਬਾਜ਼ਾਰ ਖੁੱਲ੍ਹਦੇ ਹੀ ਸੈਂਸੈਕਸ, ਨਿਫਟੀ ਵਰਗੇ ਪ੍ਰਮੁੱਖ ਇੰਡੈਕਸਾਂ ਵਿੱਚ 1 ਫੀਸਦੀ ਤੱਕ ਦੀ ਵੱਡੀ ਗਿਰਾਵਟ ਦਰਜ ਕੀਤੀ ਗਈ। ਇਸ ਭਾਰੀ ਵਿਕਰੀ ਦੇ ਪਿੱਛੇ ਕੋਈ ਇੱਕ ਕਾਰਨ ਨਹੀਂ ਸੀ। ਦੁਨੀਆ ਭਰ ਵਿੱਚ ਬਣ ਰਹੇ ਆਰਥਿਕ ਹਾਲਾਤਾਂ ਨੇ ਘਰੇਲੂ ਬਾਜ਼ਾਰ ਦੇ ਸੈਂਟੀਮੈਂਟ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕੀਤਾ। ਸਭ ਤੋਂ ਵੱਡਾ ਝਟਕਾ ਕੱਚੇ ਤੇਲ ਦੀਆਂ ਕੀਮਤਾਂ ਤੋਂ ਲੱਗਾ। ਇੰਟਰਨੈਸ਼ਨਲ ਮਾਰਕੀਟ ਵਿੱਚ ਬ੍ਰੈਂਟ ਕਰੂਡ ਆਇਲ ਉਛਲ ਕੇ 102 ਡਾਲਰ ਪ੍ਰਤੀ ਬੈਰਲ ਤੋਂ ਪਾਰ ਪਹੁੰਚ ਗਿਆ। ਕੱਚੇ ਤੇਲ ਦੀਆਂ ਕੀਮਤਾਂ ਵਿੱਚ ਇਸ ਤਰ੍ਹਾਂ ਦਾ ਉਛਾਲ ਭਾਰਤੀ ਅਰਥਵਿਵਸਥਾ ਲਈ ਹਮੇਸ਼ਾ ਚਿੰਤਾ ਦਾ ਵਿਸ਼ਾ ਰਿਹਾ ਹੈ। ਇਸ ਨਾਲ ਦੇਸ਼ ਦਾ ਇੰਪੋਰਟ ਬਿੱਲ ਵਧਦਾ ਹੈ ਅਤੇ ਮਹਿੰਗਾਈ ਬੇਕਾਬੂ ਹੋਣ ਦਾ ਖ਼ਦਸ਼ਾ ਵੀ ਪੈਦਾ ਹੋ ਜਾਂਦਾ ਹੈ।

ਇਸ ਦੇ ਨਾਲ ਹੀ ਅਮਰੀਕਾ ਤੋਂ ਵੀ ਇਕਵਿਟੀ ਮਾਰਕੀਟ ਲਈ ਨਕਾਰਾਤਮਕ ਸੰਕੇਤ ਮਿਲੇ। ਉੱਥੇ 10 ਸਾਲਾਂ ਦੀ ਟ੍ਰੇਜ਼ਰੀ ਯੀਲਡ ਵਧ ਕੇ 5.11% ਦੇ ਉੱਚ ਪੱਧਰ ‘ਤੇ ਪਹੁੰਚ ਗਈ। ਜਦੋਂ ਵੀ ਅਮਰੀਕੀ ਬਾਂਡ ਯੀਲਡ ਵਿੱਚ ਇਸ ਤਰ੍ਹਾਂ ਤੇਜ਼ੀ ਨਾਲ ਉਛਾਲ ਆਉਂਦਾ ਹੈ, ਤਾਂ ਗਲੋਬਲ ਇਕਵਿਟੀ ਮਾਰਕੀਟ ਦੇ ਵੈਲਿਊਏਸ਼ਨ ‘ਤੇ ਭਾਰੀ ਦਬਾਅ ਪੈਂਦਾ ਹੈ। ਵਿਦੇਸ਼ੀ ਨਿਵੇਸ਼ਕ ਆਪਣਾ ਪੈਸਾ ਕੱਢ ਕੇ ਸੁਰੱਖਿਅਤ ਥਾਵਾਂ ‘ਤੇ ਲਿਜਾਣ ਲੱਗਦੇ ਹਨ। ਇਨ੍ਹਾਂ ਦੋ ਵੱਡੇ ਗਲੋਬਲ ਕਾਰਕਾਂ ਨੇ ਅੱਜ ਭਾਰਤੀ ਬਾਜ਼ਾਰ ‘ਤੇ ਵੀ ਦਬਾਅ ਵਧਾ ਦਿੱਤਾ।

ਬਾਜ਼ਾਰ ਵਿੱਚ ਆਈ ਇਸ ਚੌਤਰਫ਼ਾ ਗਿਰਾਵਟ ਵਿੱਚ ਸਭ ਤੋਂ ਵੱਧ ਨੁਕਸਾਨ ਫਾਈਨੈਂਸ਼ੀਅਲ ਸੈਕਟਰ ਦੇ ਸ਼ੇਅਰਾਂ ਨੂੰ ਝੱਲਣਾ ਪਿਆ।,,,, ਅਤੇ ਵਰਗੇ ਵੱਡੇ ਨਾਮ ਅੱਜ ਦੀ ਲਿਸਟ ਵਿੱਚ ਸ਼ਾਮਲ ਰਹੇ। ਇੰਸ਼ੋਰੈਂਸ ਸੈਕਟਰ ਵਿੱਚ ਆਈ ਇਸ ਭਾਰੀ ਗਿਰਾਵਟ ਦਾ ਸਿੱਧਾ ਸਬੰਧ ਇੰਸ਼ੋਰੈਂਸ ਰੈਗੂਲੇਟਰ ਦੇ ਇੱਕ ਨਵੇਂ ਫੈਸਲੇ ਨਾਲ ਹੈ।

ਇਸ ਪ੍ਰਸਤਾਵ ਵਿੱਚ ਕਈ ਅਜਿਹੇ ਨਿਯਮ ਹਨ, ਜੋ ਕੰਪਨੀਆਂ ਦੇ ਮੁਨਾਫ਼ੇ ‘ਤੇ ਸਿੱਧਾ ਅਸਰ ਪਾ ਸਕਦੇ ਹਨ। ਰੈਗੂਲੇਟਰ ਚਾਹੁੰਦਾ ਹੈ ਕਿ ਡਿਸਟ੍ਰੀਬਿਊਟਰਾਂ ਨੂੰ ਮਿਲਣ ਵਾਲੇ ਭਾਰੀ-ਭਰਕਮ ਪੇਆਉਟ ‘ਤੇ ਲਗਾਮ ਲਗਾਈ ਜਾਵੇ। ਇਸ ਨਾਲ ਪਾਲਿਸੀਧਾਰਕਾਂ ਦੀ ਲਾਗਤ ਘੱਟ ਹੋਵੇਗੀ।

ਹੁਣ ਤੱਕ ਇੰਸ਼ੋਰੈਂਸ ਇੰਡਸਟਰੀ ਆਕਰਮਕ ‘ਤੇ ਕੰਮ ਕਰਦੀ ਆਈ ਹੈ, ਯਾਨੀ ਗਾਹਕਾਂ ‘ਤੇ ਪਾਲਿਸੀ ਵੇਚਣ ਲਈ ਦਬਾਅ ਬਣਾਇਆ ਜਾਂਦਾ ਹੈ। ਹੁਣ ਰੈਗੂਲੇਟਰ ਇਸ ਮਾਡਲ ਵਿੱਚ ਬਦਲਾਅ ਕਰਕੇ ਇਸਨੂੰ, ਬਣਾਉਣ ਦੀ ਤਿਆਰੀ ਕਰ ਰਿਹਾ ਹੈ। ਨਿਵੇਸ਼ਕਾਂ ਨੂੰ ਡਰ ਹੈ ਕਿ ਇਨ੍ਹਾਂ ਵੱਡੇ ਬਦਲਾਵਾਂ ਨਾਲ ਕੰਪਨੀਆਂ ਦੇ ਮਾਰਜਿਨ ਵਿੱਚ ਕਮੀ ਆ ਸਕਦੀ ਹੈ। ਇਸੇ ਚਿੰਤਾ ਦੇ ਚਲਦਿਆਂ ਅੱਜ ਇੰਸ਼ੋਰੈਂਸ ਕੰਪਨੀਆਂ ਦੇ ਸ਼ੇਅਰਾਂ ਵਿੱਚ ਜ਼ੋਰਦਾਰ ਮੁਨਾਫ਼ਾਵਸੂਲੀ ਦੇਖਣ ਨੂੰ ਮਿਲੀ।




ਸੈਂਸੈਕਸ ਅਤੇ ਨਿਫਟੀ ‘ਚ ਭਾਰੀ ਗਿਰਾਵਟ, ਕੱਚੇ ਤੇਲ ਨੇ ਵਿਗਾੜਿਆ ਨਿਵੇਸ਼ਕਾਂ ਦਾ ਮੂਡ

**ਸੈਂਸੈਕਸ ਅਤੇ ਨਿਫਟੀ ‘ਚ ਭਾਰੀ ਗਿਰਾਵਟ, ਕੱਚੇ ਤੇਲ ਨੇ ਵਿਗਾੜਿਆ ਨਿਵੇਸ਼ਕਾਂ ਦਾ ਮੂਡ (ਜਾਰੀ)**

ਬਾਜ਼ਾਰ ਵਿੱਚ ਇੰਨੀ ਭਾਰੀ ਉਥਲ-ਪੁਥਲ ਦੇ ਵਿਚਕਾਰ ਇੱਕ ਹਿੱਸਾ ਅਜਿਹਾ ਹੈ, ਜੋ ਪੂਰੀ ਮਜ਼ਬੂਤੀ ਨਾਲ ਟਿਕਿਆ ਹੋਇਆ ਹੈ। ਜਿੱਥੇ ਲਾਰਜ-ਕੈਪ ਸ਼ੇਅਰਾਂ ਵਿੱਚ ਨਿਵੇਸ਼ਕਾਂ ਵਿਚਾਲੇ ਡਰ ਦਾ ਮਾਹੌਲ ਹੈ, ਉੱਥੇ ਮਿਡਕੈਪ ਅਤੇ ਸਮਾਲਕੈਪ ਸ਼ੇਅਰਾਂ ਵਿੱਚ ਘਰੇਲੂ ਨਿਵੇਸ਼ਕ ਲਗਾਤਾਰ ਪੈਸਾ ਲਗਾ ਰਹੇ ਹਨ। ਜਿਓਜਿਤ ਇਨਵੈਸਟਮੈਂਟਸ ਦੇ ਚੀਫ ਇਨਵੈਸਟਮੈਂਟ ਸਟ੍ਰੈਟੇਜਿਸਟ ਡਾ. ਵੀ. ਕੇ. ਵਿਜੇਕੁਮਾਰ ਦਾ ਮੰਨਣਾ ਹੈ ਕਿ ਇਨ੍ਹਾਂ ਸੈਗਮੈਂਟਸ ਵਿੱਚ ਲਗਾਤਾਰ ਮਜ਼ਬੂਤ ਡੋਮੈਸਟਿਕ ਲਿਕਵਿਡਿਟੀ ਆ ਰਹੀ ਹੈ।

ਵੈਲਿਊਏਸ਼ਨ ਜ਼ਿਆਦਾ ਹੋਣ ਦੇ ਬਾਵਜੂਦ ਭਾਰਤੀ ਨਿਵੇਸ਼ਕ ਗ੍ਰੋਥ ਵਾਲੇ ਸ਼ੇਅਰਾਂ ਨੂੰ ਆਪਣੇ ਪੋਰਟਫੋਲੀਓ ਵਿੱਚ ਸ਼ਾਮਲ ਕਰਨਾ ਪਸੰਦ ਕਰ ਰਹੇ ਹਨ। ਇਹੀ ਕਾਰਨ ਹੈ ਕਿ ਮਿਡਕੈਪ ਅਤੇ ਸਮਾਲਕੈਪ ਸ਼ੇਅਰ ਬਾਜ਼ਾਰ ਦੀ ਇਸ ਗਿਰਾਵਟ ਦਾ ਡਟ ਕੇ ਮੁਕਾਬਲਾ ਕਰ ਰਹੇ ਹਨ। ਇਸ ਦੇ ਉਲਟ ਲਾਰਜ-ਕੈਪ ਸ਼ੇਅਰ ਸਹੀ ਵੈਲਿਊਏਸ਼ਨ ‘ਤੇ ਹੋਣ ਦੇ ਬਾਵਜੂਦ ਸੁਸਤ ਨਜ਼ਰ ਆ ਰਹੇ ਹਨ।

ਹਾਲਾਂਕਿ ਮਾਹਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਟ੍ਰੈਂਡ ਹਮੇਸ਼ਾ ਅਜਿਹਾ ਨਹੀਂ ਰਹੇਗਾ। ਜੇਕਰ ਕੱਚੇ ਤੇਲ ਅਤੇ ਬਾਂਡ ਯੀਲਡ ਦੀਆਂ ਕੀਮਤਾਂ ਵਿੱਚ ਜਲਦ ਨਰਮੀ ਨਹੀਂ ਆਈ, ਤਾਂ ਇੱਕ ਸਮੇਂ ਬਾਅਦ ਇਨ੍ਹਾਂ ਛੋਟੀਆਂ ਕੰਪਨੀਆਂ ਦੇ ਸ਼ੇਅਰਾਂ ਵਿੱਚ ਵੀ ਵੱਡਾ ਕਰੈਕਸ਼ਨ ਆ ਸਕਦਾ ਹੈ।

ਪੰਜਾਬ

## ਦੀ 'ਅਦਾਲਤ ਨਾ ਜਾਣ' ਦੀ ਸ਼ਰਤ ’ਤੇ ਹਾਈ ਕੋਰਟ ਸਖ਼ਤ; ਚੀਫ਼ ਐਡਮਿਨਿਸਟ੍ਰੇਟਰ ਤੋਂ ਮੰਗਿਆ ਹਲਫ਼ਨਾਮਾ

ਦੀ 'ਅਦਾਲਤ ਨਾ ਜਾਣ' ਦੀ ਸ਼ਰਤ ’ਤੇ ਹਾਈ ਕੋਰਟ ਸਖ਼ਤ। ਫਾਈਲ ਫੋਟੋ; ਪੰਜਾਬ ਹਰਿਆਣਾ ਹਾਈ ਕੋਰਟ।

ਗਮਾਡਾ ਵੱਲੋਂ ਪਲਾਟ ਖ਼ਰੀਦਦਾਰਾਂ ’ਤੇ 'ਕੋਈ ਅਦਾਲਤੀ ਕੇਸ ਨਾ ਕਰਨ' ਜਾਂ ਕੋਈ ਹੋਰ ਕਾਰਵਾਈ ਨਾ ਕਰਨ ਦਾ ਹਲਫ਼ਨਾਮਾ ਦੇਣ ਦੀ ਸ਼ਰਤ ਲਗਾਉਣ ’ਤੇ ਹੈਰਾਨੀ ਪ੍ਰਗਟਾਉਣ ਤੋਂ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਬਾਅਦ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅਥਾਰਟੀ ਦੇ ਚੀਫ਼ ਐਡਮਿਨਿਸਟ੍ਰੇਟਰ ਨੂੰ ਇਹ ਦੱਸਣ ਲਈ 4 ਹਫ਼ਤਿਆਂ ਦਾ ਸਮਾਂ ਦਿੱਤਾ ਹੈ ਕਿ ਪਿਛਲੇ 5 ਸਾਲਾਂ ਦੌਰਾਨ ਅਜਿਹੀ ਸ਼ਰਤ ਨਾਲ ਕਿੰਨੇ ਡਿਮਾਂਡ ਨੋਟਿਸ ਜਾਰੀ ਕੀਤੇ ਗਏ ਹਨ।

ਜਸਟਿਸ ਜਸਗੁਰਪ੍ਰੀਤ ਸਿੰਘ ਪੁਰੀ ਅਤੇ ਜਸਟਿਸ ਪਰਵਿੰਦਰ ਸਿੰਘ ਚੌਹਾਨ ਦੇ ਡਿਵੀਜ਼ਨ ਬੈਂਚ ਨੇ ਇਹ ਨਿਰਦੇਸ਼ ਉਦੋਂ ਦਿੱਤੇ, ਜਦੋਂ ਅਦਾਲਤ ਨੂੰ ਦੱਸਿਆ ਗਿਆ ਕਿ ਕੇਸ ਨਾ ਕਰਨ ਦਾ ਹਲਫ਼ਨਾਮਾ ਮੰਗਣ ਦੀ ਇਹ ਸ਼ਰਤ ਗਮਾਡਾ ਵੱਲੋਂ ਜਾਰੀ ਕੀਤੇ ਜਾਣ ਵਾਲੇ ਹਰ ਡਿਮਾਂਡ ਪੱਤਰ ਵਿੱਚ ਲਗਾਈ ਜਾ ਰਹੀ ਹੈ, ਜਿਸ ਤੋਂ ਬਾਅਦ ਅਦਾਲਤ ਨੇ ਇਸ ਪਟੀਸ਼ਨ ਦਾ ਘੇਰਾ ਵਧਾ ਦਿੱਤਾ।

ਆਪਣੇ ਤਾਜ਼ਾ ਹੁਕਮਾਂ ਵਿੱਚ ਬੈਂਚ ਨੇ ਦਰਜ ਕੀਤਾ ਕਿ ਗਮਾਡਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮਨਿੰਦਰ ਸਿੰਘ ਗਰਚਾ ਨੇ ਬੇਨਤੀ ਕੀਤੀ ਕਿ ਰਿਕਾਰਡ ਦੇ ਆਧਾਰ ’ਤੇ ਹਲਫ਼ਨਾਮਾ ਦਾਇਰ ਕਰਨ ਲਈ ਚੀਫ਼ ਐਡਮਿਨਿਸਟ੍ਰੇਟਰ ਨੂੰ ਕੁੱਝ ਹੋਰ ਸਮੇਂ ਦੀ ਲੋੜ ਹੈ।

ਗਰਚਾ ਨੇ 8 ਹਫ਼ਤਿਆਂ ਦੇ ਸਮੇਂ ਦੀ ਮੰਗ ਕੀਤੀ ਸੀ, ਪਰ ਬੈਂਚ ਨੇ 4 ਹਫ਼ਤਿਆਂ ਦੀ ਮੋਹਲਤ ਦਿੱਤੀ। ਮਾਮਲੇ ਦੀ ਅਗਲੀ ਸੁਣਵਾਈ 28 ਅਕਤੂਬਰ ਤੱਕ ਮੁਲਤਵੀ ਕਰਦਿਆਂ ਅਦਾਲਤ ਨੇ ਕਿਹਾ, "ਪਿਛਲੇ ਹੁਕਮਾਂ ਦੀ ਪਾਲਣਾ ਕਰਦਿਆਂ ਚੀਫ਼ ਐਡਮਿਨਿਸਟ੍ਰੇਟਰ ਨੂੰ ਹਲਫ਼ਨਾਮਾ ਦਾਇਰ ਕਰਨ ਲਈ 4 ਹਫ਼ਤਿਆਂ ਦਾ ਸਮਾਂ ਦੇਣਾ ਹੀ ਢੁਕਵਾਂ ਹੋਵੇਗਾ।"

ਇਸ ਤੋਂ ਪਹਿਲਾਂ ਅਦਾਲਤ ਨੇ ਟਿੱਪਣੀ ਕੀਤੀ ਸੀ, ਡਿਮਾਂਡ ਨੋਟਿਸ ਵਿੱਚ ਇਹ ਸ਼ਰਤ ਰੱਖਦਾ ਹੈ ਕਿ ਸਬੰਧਿਤ ਵਿਅਕਤੀ ਦੀ ਸ਼ਿਕਾਇਤ ’ਤੇ ਵਿਚਾਰ ਉਦੋਂ ਹੀ ਕੀਤਾ ਜਾਵੇਗਾ ਜੇਕਰ ਉਹ ਇਹ ਹਲਫ਼ਨਾਮਾ ਦਿੰਦਾ ਹੈ ਕਿ ਉਹ ਕਿਸੇ ਅਦਾਲਤ ਵਿੱਚ ਕੇਸ ਨਹੀਂ ਕਰੇਗਾ ਜਾਂ ਕੋਈ ਹੋਰ ਕਾਰਵਾਈ ਨਹੀਂ ਕਰੇਗਾ, ਤਾਂ ਇਹ ਪਹਿਲੀ ਨਜ਼ਰੇ ਬਹੁਤ ਹੀ ਇਤਰਾਜ਼ਯੋਗ, ਗ਼ੈਰ-ਸੰਵਿਧਾਨਕ ਅਤੇ ਇੰਡੀਅਨ ਕੰਟਰੈਕਟ ਐਕਟ ਦੇ ਉਪਬੰਧਾਂ ਦੀ ਉਲੰਘਣਾ ਹੈ।"

ਬੈਂਚ ਨੇ ਇਹ ਨਿਰਦੇਸ਼ ਪ੍ਰਾਪਰਟੀ ਮਾਲਕ ਵੱਲੋਂ ਵਕੀਲ ਰੂਬਲ ਗਰਗ ਰਾਹੀਂ ਪੰਜਾਬ ਰਾਜ ਅਤੇ ਹੋਰਨਾਂ ਖ਼ਿਲਾਫ਼ ਦਾਇਰ ਪਟੀਸ਼ਨ ’ਤੇ ਦਿੱਤੇ। ਪਟੀਸ਼ਨਰ ਨੇ ਐੱਸ.ਏ.ਐੱਸ. ਨਗਰ (ਮੁਹਾਲੀ) ਦੇ ਸੈਕਟਰ 69 ਸਥਿਤ ਇੱਕ ਪਲਾਟ ਨਾਲ ਸਬੰਧਤ ਅਸਟੇਟ ਅਫ਼ਸਰ, ਗਮਾਡਾ ਦੇ 11 ਅਕਤੂਬਰ 2024 ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਸੀ।

ਹੁਕਮਾਂ ਵਿੱਚ ਸ਼ਾਮਲ ਸ਼ਰਤ ਅਨੁਸਾਰ ਪਟੀਸ਼ਨਰ ਨੂੰ ਇਹ ਹਲਫ਼ਨਾਮਾ ਦੇਣਾ ਪੈਣਾ ਸੀ ਕਿ ਉਹ ਨਜ਼ਰਸਾਨੀ ਪਟੀਸ਼ਨ ਦੇ ਹੁਕਮਾਂ ਖ਼ਿਲਾਫ਼ ਜਾਂ ਉਸਾਰੀ ਫ਼ੀਸ ਮੁਆਫ਼ੀ ਲਈ ਕੋਈ ਅਦਾਲਤੀ ਕੇਸ ਜਾਂ ਹੋਰ ਕਾਰਵਾਈ ਨਹੀਂ ਕਰੇਗਾ। ਹੁਕਮਾਂ ਵਿੱਚ ਲਿਖਿਆ ਸੀ, "ਇਸ ਤੋਂ ਬਾਅਦ ਹੀ ਉਕਤ ਪਲਾਟ ਦੀ ਮਲਕੀਅਤ ਤੁਹਾਡੇ ਨਾਂ ’ਤੇ ਤਬਦੀਲ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ।"

**ਦੀ 'ਅਦਾਲਤ ਨਾ ਜਾਣ' ਦੀ ਸ਼ਰਤ ’ਤੇ ਹਾਈ ਕੋਰਟ ਸਖ਼ਤ; ਚੀਫ਼ ਐਡਮਿਨਿਸਟ੍ਰੇਟਰ ਤੋਂ ਮੰਗਿਆ ਹਲਫ਼ਨਾਮਾ (ਜਾਰੀ)**

ਪਿਛਲੀ ਸੁਣਵਾਈ ’ਤੇ ਗਮਾਡਾ ਵੱਲੋਂ ਪੇਸ਼ ਹੋਏ ਵਕੀਲ ਗਰਚਾ ਨੇ ਕਿਹਾ ਸੀ ਕਿ ਇਤਰਾਜ਼ਯੋਗ ਹੁਕਮਾਂ ਵਿੱਚ ਲਗਾਈ ਗਈ ਇਹ ਸ਼ਰਤ ਵਾਪਸ ਲੈ ਲਈ ਗਈ ਹੈ। ਦੂਜੇ ਪਾਸੇ ਵਕੀਲ ਰੂਬਲ ਗਰਗ ਨੇ ਧਿਆਨ ਦਿਵਾਇਆ ਕਿ ਇਹ ਸ਼ਰਤ ਸਿਰਫ਼ ਇਸ ਇਕੱਲੇ ਪਟੀਸ਼ਨਰ ਲਈ ਨਹੀਂ ਸੀ, ਸਗੋਂ ਗਮਾਡਾ ਵੱਲੋਂ ਹਰ ਡਿਮਾਂਡ ਪੱਤਰ ਵਿੱਚ ਅਜਿਹੀ ਸ਼ਰਤ ਲਗਾਈ ਜਾ ਰਹੀ ਹੈ।

ਬੈਂਚ ਨੇ ਟਿੱਪਣੀ ਕੀਤੀ, "ਜੇਕਰ ਪਟੀਸ਼ਨਰ ਦੇ ਵਕੀਲ ਦੀ ਇਹ ਦਲੀਲ ਸਹੀ ਨਿਕਲਦੀ ਹੈ, ਤਾਂ ਸਾਡੇ ਕੋਲ ਇਸ ’ਤੇ ਬਹੁਤ ਗੰਭੀਰ ਰੁੱਖ ਅਪਣਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ। ਇਸ ਲਈ, ਅਸੀਂ ਸੰਵਿਧਾਨ ਦੀ ਧਾਰਾ 226 ਤਹਿਤ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਸ ਪਟੀਸ਼ਨ ਦਾ ਘੇਰਾ ਵਧਾਉਣਾ ਉਚਿਤ ਸਮਝਦੇ ਹਾਂ। ਚੀਫ਼ ਐਡਮਿਨਿਸਟ੍ਰੇਟਰ, ਗਮਾਡਾ ਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਉਹ ਅੱਜ ਤੋਂ ਇੱਕ ਹਫ਼ਤੇ ਦੇ ਅੰਦਰ ਆਪਣਾ ਹਲਫ਼ਨਾਮਾ ਦਾਇਰ ਕਰਕੇ ਸਪੱਸ਼ਟ ਕਰਨ ਕਿ ਪਿਛਲੇ 5 ਸਾਲਾਂ ਦੌਰਾਨ ਭਾਰਤ ਦੇ ਨਾਗਰਿਕਾਂ ’ਤੇ ਅਜਿਹੀ ਸ਼ਰਤ ਵਾਲੇ ਕਿੰਨੇ ਡਿਮਾਂਡ ਨੋਟਿਸ ਜਾਰੀ ਕੀਤੇ ਗਏ ਹਨ।"

ਦੇਸ਼

## ਯੂਥ ਕਾਂਗਰਸ ਵੱਲੋਂ ਗਿਆਨੇਸ਼ ਕੁਮਾਰ ਨੂੰ ਹਟਾਉਣ ਦੀ ਮੰਗ, ਆਨਲਾਈਨ ਪਟੀਸ਼ਨ ਸ਼ੁਰੂ ਕੀਤੀ

ਇੰਡੀਅਨ ਯੂਥ ਕਾਂਗਰਸ ਨੇ ਅੱਜ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵਿਰੁੱਧ ਕਾਰਵਾਈ ਦੀ ਮੰਗ ਕਰਦੇ ਹੋਏ ਇੱਕ ਦੇਸ਼ ਵਿਆਪੀ ਆਨਲਾਈਨ ਨਾਗਰਿਕ ਪਟੀਸ਼ਨ ਸ਼ੁਰੂ ਕੀਤੀ ਹੈ।

ਇਹ ਪਟੀਸ਼ਨ ਚੋਣ ਕਮਿਸ਼ਨ ਦੇ ਕੰਮਕਾਜ ਅਤੇ ਅੰਦਰੂਨੀ ਫੈਸਲਾ ਲੈਣ ਦੀਆਂ ਪ੍ਰਕਿਰਿਆਵਾਂ 'ਤੇ ਸਵਾਲ ਉਠਾਉਣ ਵਾਲੀਆਂ ਹਾਲੀਆ ਰਿਪੋਰਟਾਂ ਦੇ ਵਿਚਕਾਰ ਸ਼ੁਰੂ ਕੀਤੀ ਗਈ ਹੈ। ਯੂਥ ਕਾਂਗਰਸ ਨੇ ਕਿਹਾ ਕਿ ਜਦੋਂ ਸੰਸਥਾ ਦੇ ਕੰਮਕਾਜ ਬਾਰੇ ਸਵਾਲ ਉੱਠਦੇ ਹਨ ਜੋ ਹਰ ਨਾਗਰਿਕ ਦੇ ਵੋਟ ਪਾਉਣ ਦੇ ਅਧਿਕਾਰ ਦੀ ਰੱਖਿਆ ਕਰਦੀ ਹੈ ਤਾਂ ਪੂਰੀ ਪਾਰਦਰਸ਼ਤਾ ਅਤੇ ਜਨਤਕ ਜਵਾਬਦੇਹੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

ਨਾਗਰਿਕ ਪਟੀਸ਼ਨ ਰਾਹੀਂ, ਭਾਰਤੀ ਯੁਵਾ ਕਾਂਗਰਸ ਨੇ ਪੰਜ ਮੰਗਾਂ ਰੱਖੀਆਂ ਹਨ ਜਿਨ੍ਹਾਂ ਵਿੱਚ ਗਿਆਨੇਸ਼ ਕੁਮਾਰ ਨੂੰ ਮੁੱਖ ਚੋਣ ਕਮਿਸ਼ਨਰ ਦੇ ਅਹੁਦੇ ਤੋਂ ਹਟਾਉਣ,ਗਿਆਨੇਸ਼ ਕੁਮਾਰ ਨੂੰ ਗ੍ਰਿਫ਼ਤਾਰ ਕਰਨ ਅਤੇ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਗਈ ਹੈ। ਵੋਟਰ ਸੂਚੀ ਅਤੇ ਸੰਬੰਧਿਤ ਪ੍ਰਕਿਰਿਆਵਾਂ ਸਮੇਤ ਪੂਰੀ ਵੋਟਿੰਗ ਲੜੀ ਅਤੇ ਚੋਣ ਪ੍ਰਕਿਰਿਆ ਦੀ ਵਿਆਪਕ ਜਾਂਚ ਕੀਤੀ ਜਾਣੀ ਚਾਹੀਦੀ ਹੈ। ਰਿਪੋਰਟਾਂ ਅਨੁਸਾਰ ਕਥਿਤ ਮੋਦੀ-ਸ਼ਾਹ-ਭਾਜਪਾ ਗੱਠਜੋੜ, ਜਿਸਦਾ ਇਸ ਮੁਹਿੰਮ ਵਿੱਚ ਜ਼ਿਕਰ ਕੀਤਾ ਗਿਆ ਹੈ, ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਪੰਜਵੀਂ ਮੰਗ ਅਨੁਸਾਰ ਸਾਰੇ ਚੋਣ ਰਿਕਾਰਡ ਅਤੇ ਅੰਦਰੂਨੀ ਇਤਰਾਜ਼ ਜਨਤਕ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਨਾਗਰਿਕ ਚੋਣ ਕਮਿਸ਼ਨ ਦੀ ਫੈਸਲਾ ਲੈਣ ਦੀ ਪ੍ਰਕਿਰਿਆ ਅਤੇ ਇਸਦੇ ਕੰਮਕਾਜ ਨੂੰ ਸਮਝ ਸਕਣ।

ਯੂਥ ਕਾਂਗਰਸ ਦੇ ਕੌਮੀ ਇੰਚਾਰਜ ਮਨੀਸ਼ ਸ਼ਰਮਾ ਨੇ ਕਿਹਾ ਕਿ ਵੋਟ ਪਾਉਣ ਦਾ ਅਧਿਕਾਰ ਸਾਡੇ ਲੋਕਤੰਤਰ ਦੀ ਨੀਂਹ ਹੈ। ਚੋਣ ਕਮਿਸ਼ਨ ਕਿਸੇ ਸਰਕਾਰ ਜਾਂ ਵਿਅਕਤੀ ਦੀ ਜਾਇਦਾਦ ਨਹੀਂ ਹੈ। ਇਹ ਭਾਰਤ ਦੇ ਲੋਕਾਂ ਦਾ ਇੱਕ ਸੰਸਥਾ ਹੈ। ਜਦੋਂ ਇਸ ਸੰਸਥਾ ਦੇ ਕੰਮਕਾਜ ਬਾਰੇ ਸਵਾਲ ਉੱਠਦੇ ਹਨ, ਤਾਂ ਨਾਗਰਿਕਾਂ ਨੂੰ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਮੰਗ ਕਰਨ ਦਾ ਪੂਰਾ ਅਧਿਕਾਰ ਹੈ।

ਪੰਜਾਬ

## ਸਾਬਕਾ ਸਰਪੰਚ ਦੇ ਲੜਕੇ ਵਲੋਂ ਪੁਲਿਸ ਥਾਣੇ ਅੰਦਰ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼

ਧਨੌਲਾ (ਬਰਨਾਲਾ), 24 ਸਤੰਬਰ (ਜਤਿੰਦਰ ਸਿੰਘ ਧਨੌਲਾ) - ਨੇੜਲੇ ਪਿੰਡ ਭੱਠਲਾਂ ਦੇ ਸਾਬਕਾ ਸਰਪੰਚ ਬਲਜਿੰਦਰ ਸਿੰਘ ਪੱਪੂ ਦੇ ਸਪੁੱਤਰ ਜੋਬਨਪ੍ਰੀਤ ਸਿੰਘ ਵਲੋਂ ਥਾਣਾ ਧਨੌਲਾ ਅੰਦਰ ਸਪਰੇਅ ਪੀ ਕੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਧਨੌਲਾ ਅੰਦਰ ਭਰੇ ਮਨ ਨਾਲ ਵੀਡੀਓ ਜਾਰੀ ਕਰਦਿਆਂ ਜੋਬਨਪ੍ਰੀਤ ਸਿੰਘ ਨੇ ਆਖਿਆ ਕਿ ਪੰਜਾਬ ਪੁਲਿਸ ਦੇ ਧਨੌਲਾ ਥਾਣੇ ਵਿਚ ਤਾਇਨਾਤ ਦੋ ਕਰਮਚਾਰੀਆਂ ਅਤੇ ਇਕ ਮਾਲ ਮਹਿਕਮੇ ਦੇ ਪਟਵਾਰੀ ਨੇ ਉਸ ਨੂੰ ਮਰਨ ਲਈ ਮਜ਼ਬੂਰ ਕਰ ਦਿੱਤਾ। ਵੀਡੀਓ ਵਿਚ ਉਸਨੇ ਆਖਿਆ ਕਿ 17 ਦਿਨ ਪਹਿਲਾਂ ਉਸ ਦੀ ਸਵਿਫਟ ਕਾਰ ਸਰਕਟ ਸ਼ਾਟ ਹੋਣ ਕਾਰਨ ਸੜ ਗਈ ਸੀ, ਜਿਸ ਸਬੰਧੀ ਉਹ ਲਗਾਤਾਰ ਥਾਣਾ ਧਨੌਲਾ ਡੀ.ਡੀ.ਆਰ. ਲੈਣ ਲਈ ਗੇੜੇ ਕੱਟ ਰਿਹਾ ਹੈ ਅਤੇ ਉਸ ਤੋਂ 10 ਹਜ਼ਾਰ, ਕਦੇ ਪੰਜ ਹਜ਼ਾਰ ਦੀ ਰਿਸ਼ਵਤ ਮੰਗੀ ਜਾ ਰਹੀ ਹੈ। ਉਸ ਨੇ ਆਖਿਆ ਕਿ ਇਕ ਕਰਮਚਾਰੀ ਨੇ ਤਾਂ ਇੱਥੋਂ ਤੱਕ ਆਖਿਆ ਕਿ ਜੇ ਕਿਸੇ ਕਾਰਨ ਉਹ ਡੀ.ਡੀ.ਆਰ. ਦਰਜ ਕਰਵਾਉਣ ਵਿਚ ਸਫਲ ਵੀ ਹੋਇਆ ਤਾਂ ਸਰਵੇਅਰ ਨੂੰ ਉਹ ਖ਼ੁਦ ਦੱਸ ਕੇ ਇਸ ਗੱਲ ਨੂੰ ਰੱਦ ਕਰਵਾ ਦੇਵੇਗਾ। ਆਪਣੀ ਵੀਡੀਓ ਵਿਚ ਉਸਨੇ ਬਾਲੀਆਂ ਪਿੰਡ ਦੇ 14 ਵਿੱਘੇ ਅਤੇ 11 ਵਿੱਘੇ ਜ਼ਮੀਨ ਦੇ ਰਕਬੇ ਨੂੰ ਲੈ ਕੇ ਨਿਸ਼ਾਨਾ ਸਾਧਦਿਆਂ ਇਕ ਪਟਵਾਰੀ ਵਲੋਂ ਕਥਿਤ ਗੰਢ ਤੁੱਪ ਕਰਕੇ ਜ਼ਮੀਨ ਦੀ ਗਿਰਦਾਵਰੀ ਕਿਸੇ ਹੋਰ ਧਿਰ ਦੇ ਨਾ ਕਰ ਦੇਣ ਦਾ ਦੋਸ਼ ਵੀ ਲਗਾਇਆ ਹੈ। ਉਸਨੇ ਆਖਿਆ ਕਿ ਤਿੰਨਾਂ ਅਧਿਕਾਰੀਆਂ ਤੋਂ ਅੱਕ ਕੇ ਆਖ਼ਰ ਉਸ ਨੂੰ ਆਪਣੇ ਜੀਵਨ ਲੀਲ੍ਹਾ ਸਮਾਪਤ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ ਅਤੇ ਇਸੇ ਏਵਜ਼ ਵਿਚ ਉਸ ਨੇ ਥਾਣਾ ਧਨੌਲਾ ਅੰਦਰ ਬੈਠ ਕੇ ਸਪਰੇਅ ਪੀ ਲਈ। ਦੋਸ਼ ਲਾਉਂਦੇ ਉਸ ਨੇ ਇੱਥੋਂ ਤੱਕ ਵੀ ਆਖਿਆ ਕਿ ਸਰਕਾਰ ਭ੍ਰਿਸ਼ਟਾਚਾਰ ਮੁਕਾਉਣ ਦੇ ਦਾਅਵੇ ਕਰ ਰਹੀ ਹੈ ਜਦਕਿ ਭ੍ਰਿਸ਼ਟਾਚਾਰ ਨੇ ਲੋਕਾਂ ਦਾ ਜਿਉਣਾ ਦੁੱਭਰ ਕਰ ਰੱਖਿਆ ਹੈ। ਪੀੜਤ ਨੂੰ ਤੁਰੰਤ ਬੀ.ਐਮ.ਸੀ. ਬਰਨਾਲਾ ਇਲਾਜ਼ ਲਈ ਲਿਜਾਇਆ ਗਿਆ, ਜਿੱਥੇ ਉਸ ਦਾ ਇਲਾਜ਼ ਜਾਰੀ ਹੈ।